TATA

**13. ਟਾਟਾ ਟੈਲਿਸਰਵਿਸਿਜ਼ ਲਿਮਿਟਿਡ ਅਤੇ ਟਾਟਾ ਟੈਲਿਸਰਵਿਸਿਜ਼ (ਮਹਾਰਾਸ਼ਟਰ) ਲਿਮਿਟਿਡ ਦੇ ਫ਼ਰਜ਼ ਅਤੇ ਜ਼ਿੰਮੇਵਾਰੀਆਂ**

1. ਸਾਰੇ ਟੈਰਿਫ ਪਲਾਨ ਅਤੇ ਅੱਫਰਸ ਬਾਰੇ ਪਾਰਦਰਸ਼ੀ ਅਤੇ ਨਿਰਪੱਖ ਤਰੀਕੇ ਨਾਲ ਸੂਚਿਤ ਕੀਤਾ ਜਾਏਗਾ।
2. ਸਾਰੇ ਟੈਰਿਫ ਵੇਰਵੇ ਲਾਂਚ ਮਗਰੋਂ ਵੈਬਸਾਈਟ 'ਤੇ ਪਾਏ ਜਾਣਗੇ।
3. ਇੱਕ ਵਾਰ ਅੱਫਰ ਕੀਤਾ ਗਿਆ ਟੈਰਿਫ ਪਲਾਨ ਸਬਸਕ੍ਰਾਈਬਰ ਦੇ ਉਸ ਟੈਰਿਫ ਪਲਾਨ ਲੈਣ ਦੀ ਤਰੀਕ ਤੋਂ ਘੱਟੋਘੱਟ 6 ਮਹੀਨੇ (ਜਾਂ ਲਾਈਫ ਟਾਈਮ ਵੈਧਤਾ ਦੀ ਸੂਰਤ ਵਿੱਚ ਲਾਈਫ ਟਾਈਮ ਲਈ) ਸਬਸਕ੍ਰਾਈਬਰ ਨੂੰ ਉਪਲਬਧ ਹੋਏਗਾ।
4. ਲਾਈਫਟਾਈਮ ਵੈਧਤਾ/ਅਨਲਿਮਿਟਿਡ ਵੈਧਤਾ ਦੀ ਸੂਰਤ ਵਿੱਚ, ਅਸੀਂ ਗਾਹਕਾਂ ਨੂੰ ਪ੍ਰਮੋਸ਼ਨਲ ਸਾਹਿੱਤ/ਵਿਗਿਆਪਨਾਂ ਵਿੱਚ ਮੌਜੂਦਾ ਲਾਇਸੈਂਸ ਦੇ ਖਤਮ ਹੋਣ ਦੇ ਮਹੀਨੇ ਅਤੇ ਸਾਲ ਬਾਰੇ ਜਾਣਕਾਰੀ ਦਿਆਂਗੇ।
5. ਅਸੀਂ ਮੌਜੂਦਾ ਟੈਰਿਫ ਪਲਾਨ ਨੂੰ ਖਤਮ ਕਰਨ ਤੋਂ ਪਹਿਲਾਂ ਅਥੌਰਿਟੀ ਅਤੇ ਸਬਸਕ੍ਰਾਈਬਰਸ ਨੂੰ ਘੱਟੋਘੱਟ 30 ਦਿਨਾਂ ਦੀ ਅਗਾਉਂ ਸੂਚਨਾ ਦਿਆਂਗੇ।
6. ਗਾਹਕ ਨੂੰ TRAI ਦੁਆਰਾ ਜਾਰੀ ਦੂਰਸੰਚਾਰ ਖਪਤਕਾਰ ਸੁਰੱਖਿਆ ਕਾਨੂੰਨ 2012 ਅਨੁਸਾਰ ਵਰਤੋਂ, ਅਕਾਉਂਟ, VAS ਚਾਰਜਿਜ਼ ਸੰਬੰਧੀ ਵਾਉਚਰ ਦੇ ਐਕਟੀਵੇਟ ਹੋਣ ਬਾਰੇ ਸੂਚਿਤ ਕੀਤਾ ਜਾਏਗਾ।
7. TRAI ਦੀਆਂ ਸੇਧਾਂ ਅਨੁਸਾਰ ਕੋਈ ਵੀ ਵੈਲਿਯੂ ਐਡਿਡ ਸਰਵਿਸਿਜ਼ ਸਬਸਕ੍ਰਾਈਬਰ ਤੋਂ ਸਪਸ਼ਟ ਸਹਿਮਤੀ ਲਏ ਬਿਨਾ ਐਕਟੀਵੇਟ ਨਹੀਂ ਕੀਤੀਆਂ ਜਾਣਗੀਆਂ।
8. ਰੋਮਿੰਗ ਸੇਵਾਵਾ ਲਈ ਕੋਈ ਰੈਂਟਲ ਨਹੀਂ ਲਿਆ ਜਾਏਗਾ।
9. ਹਰੇਕ ਸਰਵਿਸ ਪ੍ਰੋਵਾਇਡਰ ਦੁਆਰਾ ਅੱਫਰ ਕੀਤੇ ਜਾਂਦੇ ਪ੍ਰੀਪੇਡ ਕਾਰਡਾਂ ਦੀ ਘੱਟੋਘੱਟ ਇੱਕ ਕੀਮਤ ₹300 ਜਾਂ ਇਸ ਤੋਂ ਘੱਟ ਦੀ ਰਕਮ ਦੀ ਹੋਣੀ ਚਾਹੀਦੀ ਹੈ ਜਿਸਦੀ ਵੈਧਤਾ ਦੀ ਮਿਆਦ ਘੱਟੋਘੱਟ ਇੱਕ ਮਹੀਨਾ ਹੋਣੀ ਚਾਹੀਦੀ ਹੈ।
10. ਗੁੰਮ ਹੋਏ/ਖਰਾਬ ਹੋਏ ਸਿਮ ਕਾਰਡ ਨੂੰ ਬਦਲਣ ਦੇ ਚਾਰਜਿਜ਼ ਵਾਜਬ ਮਾਰਕ-ਅਪ ਨਾਲ ਕੀਮਤ 'ਤੇ ਅਧਾਰਤ ਹੋਣਗੇ।
11. ਜੇਕਰ ਵੈਧਤਾ ਦੀ ਮਿਆਦ ਦੇ ਪੁੱਗਣ 'ਤੇ ਕੋਈ ਰਕਮ ਅਣਵਰਤੀ ਪਈ ਹੈ, ਤਾਂ ਇਹ ਰਕਮ ਨਵਿਆਏ ਗਏ ਕਾਰਡ ਵਿੱਚ ਮਿਲ ਹੋਏਗੀ, ਜੇਕਰ ਅਜਿਹਾ ਰਿਨਿਯੂਅਲ ਤਰਕਸੰਗਤ, ਤੈਅ ਸਮੇਂ ਅੰਦਰ ਹੁੰਦਾ ਹੈ।
12. ਗਾਹਕਾ ਨੂੰ ਪ੍ਰੀਪੇਡ ਕਾਰਡ ਪੈਕੇਜ ਵਿੱਚ ਕੱਲ ਕਰਨ ਜੋ ਕਿ ਵਰਤੋਂ ਪ੍ਰਤੀ ਅਦਾ ਕਰਨ ਲਈ ਹੈ, ਲਈ ਉਪਲਬਧ ਕੁਲ ਰਕਮ ਬਾਰੇ ਉੱਘੇ ਤੌਰ 'ਤੇ ਅਤੇ ਸਪਸ਼ਟ ਰੂਪ ਵਿੱਚ ਸੂਚਿਤ ਕੀਤਾ ਜਾਏਗਾ।
13. ਇਨਕਮਿੰਗ ਵੌਇਸ ਕੱਲ/SMS ਸਮੇਤ ਸਾਰੀਆਂ ਸੇਵਾਵਾਂ ਜੋ ਕਿ ਟੌਕਟਾਈਮ ਵੈਲਿਯੂ ਨੂੰ ਪ੍ਰਭਾਵਿਤ ਨਹੀਂ ਕਰਦੀਆਂ 'ਟੌਕਟਾਈਮ ਵੈਲਿਯੂ' ਦੇ ਖਤਮ ਹੋਣ ਮਗਰੋਂ ਵੀ ਸਮੁੱਚੀ ਵੈਧਤਾ ਮਿਆਦ ਦੌਰਾਨ ਪ੍ਰੀਪੇਡ ਸਬਸਕ੍ਰਾਈਬਰਸ ਨੂੰ ਉਪਲਬਧ ਰਹਿਣਗੀਆਂ।
14. ਪੋਸਟਪੇਡ ਬਿਲ ਦੀ ਹਾਰਡ ਕੱਪੀ ਮੁਫ਼ਤ ਉਪਲਬਧ ਕਰਾਈ ਜਾਏਗੀ।
15. ਸਿੱਧੀ ਟੈਰਿਫ ਕਟੌਤੀ ਦੀ ਸੂਰਤ ਵਿੱਚ, ਸਬਸਕ੍ਰਾਈਬਰਸ ਨੂੰ ਉਹਨਾਂ ਦੁਆਰਾ ਕਿਸੇ ਸਪਸ਼ਟ ਕਾਰਵਾਈ ਦੀ ਕਿਸੇ ਅਗਾਉਂ ਸ਼ਰਤ ਤੋਂ ਬਿਨਾ ਅਜਿਹੀ ਕਟੌਤੀ ਦਾ ਫਾਇਦਾ ਆਪਣੇ ਆਪ ਹੀ ਮਿਲੇਗਾ।
16. ਮੋਬਾਈਲ ਨੰਬਰ ਪੋਰਟਿੰਗ ਦਾ ਚਾਰਜ ₹19 ਤੋਂ ਜ਼ਿਆਦਾ ਨਹੀਂ ਹੋਏਗਾ।
17. ਪੋਸਟਪੇਡ ਸਬਸਕ੍ਰਾਈਬਰ ਲਈ ਤੈਅ ਕੀਤੀ ਕ੍ਰੈਡਿਟ ਸੀਮਾ ਬਾਰੇ ਉਸਨੂੰ ਅਗਾਉਂ ਤੌਰ 'ਤੇ ਜਾਣਕਾਰੀ ਦਿੱਤੀ ਜਾਏਗੀ। ਸ਼ੁਰੂਆਤੀ ਕ੍ਰੈਡਿਟ ਸੀਮਾ ਬਾਰੇ ਸਰਵਿਸ ਦੇ ਐਕਟੀਵੇਟ ਹੋਣ ਦੇ 7 ਦਿਨਾਂ ਅੰਦਰ ਸੂਚਿਤ ਕੀਤਾ ਜਾਏਗਾ।
18. CLIP ਨੂੰ ਲਾਜ਼ਮੀ ਟੈਰਿਫ ਆਈਟਮ ਨਹੀਂ ਬਣਾਇਆ ਜਾਏਗਾ।

**14. ਸੇਵਾਵਾਂ ਖਤਮ ਕਰਨ ਦੀ ਪ੍ਰਕ੍ਰਿਆ**

ਗਾਹਕ ਆਪਣੀ ਸੁਵਿਧਾ ਅਨੁਸਾਰ ਸਾਡੀ ਸੇਵਾ ਖਤਮ ਜਾਂ ਡਿਸਕਨੈਕਟ ਕਰ ਸਕਦੇ ਹਨ। ਬਿਲਾਂ ਦੀ ਜਾਂਚ ਕੀਤੀ ਜਾਂਦੀ ਹੈ, ਸਮਝੌਤਾ ਕੀਤਾ ਜਾਂਦਾ ਹੈ ਅਤੇ ਬਕਾਇਆ ਰਕਮਾਂ ਦੇ ਸਮਾਵੇਸ਼ਨ ਮਗਰੋਂ, ਕੋਈ ਵੀ ਰਕਮ, ਜੇਕਰ ਬਕਾਇਆ ਹੈ ਗਾਹਕ ਨੂੰ ਉਸਦੇ ਸਿਕਯੋਰਿਟੀ ਡਿਪੌਜ਼ਿਟ ਵਿੱਚੋਂ ਵਾਪਸ ਕੀਤੀ ਜਾਂਦੀ ਹੈ। ਇਸ ਅਮਲ ਵਿੱਚ ਡਿਸਕਨੈਕਸ਼ਨ ਦੀ ਤਰੀਕ ਤੋਂ ਬਾਅਦ ਵੱਧ ਤੋਂ ਵੱਧ 60 ਦਿਨਾਂ ਦਾ ਸਮਾਂ ਲੱਗ ਸਕਦਾ ਹੈ।



TATA

# ਟੈਲਿਕੱਾਮ ਕੰਜ਼ਿਉਮਰ ਚਾਰਟਰ ੨੦੧੯

## ਟਾਟਾ ਟੈਲਿਸਰਵਿਸਿਜ਼ ਲਿਮਿਟਿਡ ਅਤੇ ਟਾਟਾ ਟੈਲਿਸਰਵਿਸਿਜ਼ (ਮਹਾਰਾਸ਼ਟਰ) ਲਿਮਿਟਿਡ

TATA DOCOMO · TATA photon · TATA TATA TELESERVICES LIMITED · TATA indicom · TATA DOCOMO walky

TATA

## ਵਿਸ਼ਾ ਸੂਚੀ


1. ਪ੍ਰਸਤਾਵਨਾ
2. ਸਰਵਿਸ ਪ੍ਰੋਵਾਇਡਰ ਦਾ ਨਾਂਅ ਅਤੇ ਪਤਾ
3. ਔਫਰ ਕੀਤੀਆਂ ਜਾਂਦੀਆਂ ਸਰਵਿਸਿਜ਼
4. ਸਰਵਿਸ ਏਰੀਆ ਦੇ ਵੇਰਵੇ ਜਿੱਥੇ ਸਰਵਿਸਿਜ਼ ਔਫਰ ਕੀਤੀਆਂ ਜਾਂਦੀਆਂ ਹਨ
5. ਪ੍ਰੀਪੇਡ ਅਤੇ ਪੋਸਟਪੇਡ ਮੋਬਾਈਲ ਸਰਵਿਸਿਜ਼ ਲਈ ਨਿਯਮ ਅਤੇ ਸ਼ਰਤਾਂ
6. ਐਕਟੀਵੇਸ਼ਨ ਪ੍ਰਕ੍ਰਿਆ
7. ਵੱਖ ਵੱਖ ਸਰਵਿਸਿਜ਼ ਦੇ ਸੰਬੰਧ ਵਿੱਚ ਔਫਰ ਕੀਤੇ ਇਕਵੀਪਮੈਂਟ ਸੰਬੰਧੀ ਵੇਰਵੇ
8. TRAI ਦੁਆਰਾ ਤੈਅ ਕੀਤੇ ਅਨੁਸਾਰ ਵੱਖ ਵੱਖ ਸਰਵਿਸਿਜ਼ ਲਈ ਸਰਵਿਸ ਦੇ ਮਿਆਰ ਸੰਬੰਧੀ ਮਾਪਦੰਡ
9. TRAI ਦੇ ਵੱਖ ਵੱਖ ਨੇਮਾਂ ਤਹਿਤ ਗਾਹਕ ਦੇ ਅਧਿਕਾਰ
10. ਆਮ ਜਾਣਕਾਰੀ ਨੰਬਰ ਅਤੇ ਕੰਜ਼ਿਊਮਰ ਕੇਅਰ ਨੰਬਰ
11. ਸ਼ਿਕਾਇਤਾਂ ਦੇ ਨਿਪਟਾਰੇ ਬਾਰੇ ਪ੍ਰਬੰਧ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਬਾਰੇ ਪ੍ਰਕ੍ਰਿਆ ਅਤੇ ਸਮੇਂਸੀਮਾਵਾਂ
12. ਅਪੀਲੀ ਅਥੌਰਿਟੀ ਦੇ ਵੇਰਵੇ
13. ਟਾਟਾ ਟੈਲਿਸਰਵਿਸਿਜ਼ ਲਿਮਿਟਿਡ ਅਤੇ ਟਾਟਾ ਟੈਲਿਸਰਵਿਸਿਜ਼ (ਮਹਾਰਾਸ਼ਟਰ) ਲਿਮਿਟਿਡ ਦੇ ਫ਼ਰਜ਼ ਅਤੇ ਜ਼ਿੰਮੇਵਾਰੀਆਂ
14. ਸੇਵਾਵਾਂ ਖਤਮ ਕਰਨ ਦੀ ਪ੍ਰਕ੍ਰਿਆ




## 1. ਪ੍ਰਸਤਾਵਨਾ

TATA

ਟੈਲਿਕੌਮ ਕੰਜ਼ਿਊਮਰ (ਦੂਰਸੰਚਾਰ ਖਪਤਕਾਰ) ਚਾਰਟਰ 2012 TRAI ਦੇ ਦੂਰਸੰਚਾਰ ਖਪਤਕਾਰ ਸੁਰੱਖਿਆ ਕਾਨੂੰਨ 2012 ਦੀ ਪਾਲਣਾ ਅਨੁਸਾਰ ਪ੍ਰਕਾਸ਼ਿਤ ਕੀਤਾ ਗਿਆ ਹੈ।

ਇਸ ਚਾਰਟਰ ਦਾ ਉਦੇਸ਼ ਪਾਰਦਰਸ਼ੀ ਢੰਗ ਨਾਲ ਸਾਡੀਆਂ ਕਦਰਾਂ ਕੀਮਤਾਂ ਅਤੇ ਮਿਆਰ ਸਾਂਝੇ ਕਰਨਾ ਹੈ ਜੋ ਕਿ ਕੁਸ਼ਲ ਅਤੇ ਪ੍ਰਭਾਵਸ਼ਾਲੀ ਸਰਵਿਸ ਡਿਲੀਵਰੀ ਵਿੱਚ ਸਾਡਾ ਮਾਰਗਦਰਸ਼ਨ ਕਰਨ ਅਤੇ ਗਾਹਕ ਦੀ ਸੰਤੁਸ਼ਟੀ ਨੂੰ ਹੋਰ ਵਧਾਉਣ ਲਈ ਕਾਇਮ ਕੀਤੇ ਗਏ ਹਨ। ਚਾਰਟਰ ਭਾਰਤੀ ਦੂਰਸੰਚਾਰ ਨੇਮਬੱਧ ਅਥੌਰਿਟੀ (TRAI) ਦੁਆਰਾ ਸਮੇਂ ਸਮੇਂ 'ਤੇ ਜਾਰੀ ਕੀਤੇ ਗਏ ਨੇਮਾਂ, ਨਿਰਦੇਸ਼ਾਂ ਅਤੇ ਆਦੇਸ਼ਾਂ ਅਨੁਸਾਰ ਗਾਹਕ ਦੇ ਅਧਿਕਾਰਾਂ ਦੀ ਸ਼ਨਾਖਤ ਕਰਨ ਅਤੇ ਬਰਕਰਾਰ ਰੱਖਣ, ਗਾਹਕਾਂ ਨਾਲ ਵਧੇਰੇ ਪਾਰਦਰਸ਼ਿਤਾ ਨੂੰ ਸੁਖਾਲਾ, ਮਜ਼ਬੂਤ ਅਤੇ ਯਕੀਨੀ ਬਣਾਉਣ ਲਈ ਸਾਡੇ ਕੁਆਲਿਟੀ ਮਿਆਰਾਂ ਵਿੱਚ ਨਿਰੰਤਰ ਸੁਧਾਰ ਮੁਹਈਆ ਕਰਨਾ, ਗਾਹਕਾਂ ਦੀਆਂ ਉਮੀਦਾਂ ਅਤੇ ਜ਼ਰੂਰਤਾਂ ਦੇ ਸੰਬੰਧ ਵਿੱਚ ਕੁਆਲਿਟੀ ਵਿੱਚ ਸੁਧਾਰ ਕਰਨ ਲਈ ਲਗਾਤਾਰ ਕੰਮ ਕਰਨ ਲਈ ਇੱਕ ਤਿਆਰ ਗਣਿਕ ਹੈ।

## 2. ਟਾਟਾ ਟੈਲਿਸਰਵਿਸਿਜ਼ ਲਿਮਿਟਿਡ ਦਫ਼ਤਰਾਂ ਦਾ ਨਾਂਅ ਅਤੇ ਪਤਾ

**ਆਂਧਰਾ ਪ੍ਰਦੇਸ਼**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਗਿਆਨ ਪੀਠ, ਹਾਰਡਵੇਅਰ ਪਾਰਕ, ਪਲੱਾਟ ਨੰ 1 ਤੋਂ 5, (ਸਰਵੇ ਨੰ : 1/1), ਇਮਾਰਾਥ ਕਾਂਚਾ, ਰਵਿਰਿਆਲ ਵਿਲੇਜ, ਮਹੇਸ਼ਵਰਮ ਮੰਡਲਮ, ਰੰਗਾ ਰੈਡੀ ਜ਼ਿਲਾ, ਹੈਦਰਾਬਾਦ, ਤਿੰਲਗਾਨਾ - 500005

**ਬਿਹਾਰ ਅਤੇ ਝਾਰਖੰਡ**: ਟਾਟਾ ਟੈਲਿਸਰਵਿਸਿਜ਼, 4ਥੀ ਮੰਜ਼ਿਲ, ਵੋਲਟਾਸ ਹਾਉਸ, ਜਿੰਜਰ ਹੋਟਲ ਸਾਹਮਣੇ, ਮੇਨ ਰੋਡ, ਬਿਸਟੂਪੁਰ, ਜਮਸ਼ੇਦਪੁਰ, ਝਾਰਖੰਡ - 831001

**ਦਿੱਲੀ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, 2 ਏ, ਓਲਡ ਈਸ਼ਵਰ ਲਗਰ, ਮੇਨ ਮਥੁਰਾ ਰੋਡ, ਨਵੀਂ ਦਿੱਲੀ - 110065

**ਗੁਜਰਾਤ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਵੈਸਟਗੇਟ – ਤੀਜੀ ਅਤੇ ਚੌਥੀ ਮੰਜ਼ਿਲ, ਨਜ਼ਦੀਕ ਵਾਈਐਮਸੀਏ ਕਲੱਬ, ਐਸ ਜੀ ਹਾਈਵੇਅ, ਅਹਿਮਦਾਬਾਦ - 380015

**ਹਰਿਆਣਾ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਸੀ–125, ਫੇਜ਼–8, ਇੰਡਸਟ੍ਰੀਅਲ ਫੋਕਲ ਪੁਆਇੰਟ, ਮੋਹਾਲੀ - 160071

**ਹਿਮਾਚਲ ਪ੍ਰਦੇਸ਼**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਸੀ–125, ਫੇਜ਼–8, ਇੰਡਸਟ੍ਰੀਅਲ ਫੋਕਲ ਪੁਆਇੰਟ, ਮੋਹਾਲੀ - 160071

**ਕਰਨਾਟਕ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਏ ਬਲੱਾਕ, ਦੂਜੀ ਮੰਜ਼ਿਲ, ਸਿਲੀਕੱਾਨ ਟੈਰੇਸ, ਨੰ 30/1, ਕੋਰਾਮੰਗਲਾ, ਹੋਸੁਰ ਮੇਨ ਰੋਡ, ਬੈਂਗਲੋਰ - 560095

**ਕੇਰਲ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਪੰਜਵੀ ਮੰਜ਼ਿਲ, ਐਸਐਲ ਪਲਾਜ਼ਾ, ਪਲਾਰੀਵਾਤੋਮ, ਕੋਚੀ - 682025

**ਕੋਲਕਾਤਾ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਪੀ ਐਸ ਸ੍ਰੀਜਨ ਟੈਕ ਪਾਰਕ, ਡੀਐਨ–52, ਸੈਕਟਰ–5, 15 ਵੀਂ ਮੰਜ਼ਿਲ, ਸਾਲਟ ਲੇਕ, ਕੋਲਕਾਤਾ – 700091

**ਮੱਧ ਪ੍ਰਦੇਸ਼**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਪਲੱਾਟ ਨੰ 1,2,3 ਕਵਾਲਿਟੀ ਗਲੋਬਸ, ਪਰਮਾਲੀ ਵੱਾਲੇਸ ਕੰਪਾਉਂਡ, ਸਾਹਮਣੇ ਆਰ ਬੀ ਆਈ, ਹੋਸ਼ੰਗਾਬਾਦ ਰੋਡ, ਭੋਪਾਲ – 462011

**ਮਹਾਰਾਸ਼ਟਰ**: ਟਾਟਾ ਟੈਲਿਸਰਵਿਸਿਜ਼ (ਮਹਾਰਾਸ਼ਟਰ) ਲਿਮਿਟਿਡ, ਅਲ–ਅਕਮਾਰ ਬਿਲਡਿੰਗ, 5-ਗਣੇਸ਼ਖਿੰਦ ਰੋਡ, ਸ਼ਿਵਾਜੀਨਗਰ, ਪੁਣੇ – 411005

**ਮੁੰਬਈ**: ਟਾਟਾ ਟੈਲਿਸਰਵਿਸਿਜ਼ (ਮਹਾਰਾਸ਼ਟਰ) ਲਿਮਿਟਿਡ, ਡੀ–26, ਟੀਟੀਸੀ ਇੰਡਸਟ੍ਰੀਅਲ ਏਰੀਆ, ਐਮਆਈਡੀਸੀ ਸੰਪਾੜਾ, ਥਾਣੇ ਬੇਲਾਪੁਰ ਰੋਡ, ਪੀ ਓ ਤੁਰਭੇ, ਨਵੀ ਮੁੰਬਈ - 400703

**ਉੜੀਸਾ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਫੱਾਰਚਯੂਨ ਟੱਾਵਰਸ, ਤੀਜੀ ਮੰਜ਼ਿਲ, ਮੱਾਡਯੂਲ ਬੀ ਐਂਡ ਸੀ, ਚੰਰਾਸ–ਖਾਰਪੁਰ, ਭੁਬਨੇਸਵਰ – 751023

**ਪੰਜਾਬ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਸੀ–125, ਫੇਜ਼–8, ਇੰਡਸਟ੍ਰੀਅਲ ਫੋਕਲ ਪੁਆਇੰਟ, ਮੋਹਾਲੀ - 160071

**ਰਾਜਸਥਾਨ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਗੁਮਾਨ 1, ਨਜ਼ਦੀਕ ਆਮ੍ਰਪਾਲੀ ਸਰਕਲ, ਵੈਸ਼ਾਲੀ ਨਗਰ, ਜੈਪੁਰ - 302021

**ਤਮਿਲ ਨਾਡੂ (ਚੇੱਨਈ ਸਮੇਤ)**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਨੰ 283 ਅਤੇ 284, 6ਵੀਂ ਅਤੇ 13 ਵੀਂ ਮੰਜ਼ਿਲ, ਪ੍ਰਿੰਸ ਇਨਫੋ ਸਿਟੀ-II, ਰਾਜੀਵ ਗਾਂਧੀ ਸਲਾਈ, ਕੰਧਨਚਾਵਾਡੀ, ਚੇੱਨਈ - 600096

**ਉੱਤਰ ਪ੍ਰਦੇਸ਼ ਪੂਰਬੀ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, ਪ੍ਰੇਮ ਪਲਾਜ਼ਾ, 2, ਆਰਐਫ ਬਹਾਦੁਰਜੀ ਮਾਰਗ, ਸ਼ਕਤੀ ਭਵਨ ਦੇ ਪਿੱਛੇ, ਲਖਨਊ - 226001

**ਉੱਤਰ ਪ੍ਰਦੇਸ਼ ਪੱਛਮੀ**: ਟਾਟਾ ਟੈਲਿਸਰਵਿਸਿਜ਼ ਲਿਮਿਟਿਡ, 501, ਮੰਗਲ ਪਾਂਡੇ ਨਗਰ, ਮੇਨ ਯੂਨਿਵਰਸਿਟੀ ਰੋਡ, ਮੇਰਠ - 250001

**3. ਆੱਫਰ ਕੀਤੀਆਂ ਸਰਵਿਸਿਜ਼**

ਇਸ ਸਮੇਂ ਟਾਟਾ ਟੈਲਿਸਰਵਿਸਿਜ਼ ਲਿਮਿਟਿਡ ਅਤੇ ਟਾਟਾ ਟੈਲਿਸਰਵਿਸਿਜ਼ (ਮਹਾਰਾਸ਼ਟਰ) ਲਿਮਿਟਿਡ ਬ੍ਰਾਂਡ ਟਾਟਾ ਡੋਕੋਮੋ ਜਾਂ ਟਾਟਾ ਇੰਡੀਕੌਮ ਜਿੱਥੇ ਜੋ ਲਾਗੂ ਹੋਏ ਤਹਿਤ ਸੈਲਯੁਲਰ GSM/CDMA ਮੋਬਾਈਅ ਸਰਵਿਸ ਅਤੇ ਇਕਸਾਰ ਐਕਸੈਸ ਸਰਵਿਸ ਲਾਇਸੈਂਸ ਤਹਿਤ ਬ੍ਰਾਂਡ ਟਾਟਾ ਡੋਕੋਮੋ ਵੱਕੀ ਤਹਿਤ ਫਿਕਸਡ ਵਾਇਰਲੈਸ ਸਰਵਿਸ ਪੇਸ਼ ਕਰਦਾ ਹੈ। ਉਪਰੋਕਤ ਦੇ ਨਾਲ ਹੀ, ਵਾਇਰਲਾਈਨ ਵੱਇਸ, ਵਾਇਰਲਾਈਨ ਡਾਟਾ ਅਤੇ ਇੰਟਰਨੈਟ ਐਕਸੈਸ ਸਰਵਿਸਿਜ਼ ਅਤੇ ਐਂਟਰਪ੍ਰਾਈਜ਼ਿਜ਼ ਸਰਵਿਸਿਜ਼ ਦੀ ਵੀ ਪੇਸ਼ਕਸ਼ ਕੀਤੀ ਜਾਂਦੀ ਹੈ।

ਉਪਰੋਕਤ ਸ਼੍ਰੇਣੀਆਂ ਦੇ ਗਾਹਕਾਂ ਨੂੰ ਵੱਇਸ, SMS, ਡਾਟਾ ਅਤੇ ਹੋਰ ਵੈਲਿਯੂ ਐਡਿਡ ਸਰਵਿਸਿਜ਼ ਵਰਗੀਆਂ ਹੋਰ ਵੱਖ ਵੱਖ ਸੇਵਾਵਾਂ ਵੀ ਮੁਹਈਆ ਕੀਤੀਆਂ ਜਾਂਦੀਆਂ ਹਨ।

**4. ਸਰਵਿਸ ਏਰੀਆ ਦੇ ਵੇਰਵੇ ਜਿੱਥੇ ਸਰਵਿਸਿਜ਼ ਆੱਫਰ ਕੀਤੀਆਂ ਜਾਂਦੀਆਂ ਹਨ**

ਸਾਡੀਆਂ ਸਰਵਿਸਿਜ਼ ਹੇਠਲੇ ਸਰਵਿਸ ਖੇਤਰਾਂ ਵਿੱਚ ਉਪਲਬਧ ਹਨ :

| ਸਰਵਿਸ ਏਰੀਆ | CDMA ਸਰਵਿਸਿਜ਼ | GSM ਸਰਵਿਸਿਜ਼ |
|---|---|---|
| ਆਂਧਰਾ ਪ੍ਰਦੇਸ਼ | ਨਹੀਂ | ਹਾਂ |
| ਬਿਹਾਰ | ਨਹੀਂ | ਹਾਂ |
| ਦਿੱਲੀ | ਨਹੀਂ | ਨਹੀਂ |
| ਗੁਜਾਰਤ | ਨਹੀਂ | ਹਾਂ |
| ਹਰਿਆਣਾ | ਨਹੀਂ | ਹਾਂ |
| ਹਿਮਾਚਲ ਪ੍ਰਦੇਸ਼ | ਨਹੀਂ | ਹਾਂ |
| ਕਰਨਾਟਕ | ਨਹੀਂ | ਹਾਂ |
| ਕੇਰਲ | ਨਹੀਂ | ਹਾਂ |
| ਕੋਲਕਾਤਾ | ਨਹੀਂ | ਹਾਂ |
| ਮੱਧ ਪ੍ਰਦੇਸ਼ | ਨਹੀਂ | ਹਾਂ |
| ਮੁੰਬਈ | ਨਹੀਂ | ਹਾਂ |
| ਮਹਾਰਾਸ਼ਟਰ | ਨਹੀਂ | ਹਾਂ |
| ਉੜੀਸਾ | ਨਹੀਂ | ਹਾਂ |
| ਪੰਜਾਬ | ਨਹੀਂ | ਹਾਂ |
| ਰਾਜਸਥਾਨ | ਨਹੀਂ | ਹਾਂ |
| ਪੱਛਮੀ ਬੰਗਾਲ | ਨਹੀਂ | ਹਾਂ |
| ਤਮਿਲ ਨਾਡੂ (ਚੇੱਨਈ ਸਮੇਤ) | ਨਹੀਂ | ਹਾਂ |
| ਉੱਤਰ ਪ੍ਰਦੇਸ਼ ਪੂਰਬੀ | ਨਹੀਂ | ਹਾਂ |
| ਉੱਤਰ ਪ੍ਰਦੇਸ਼ ਪੱਛਮੀ | ਨਹੀਂ | ਹਾਂ |

ਹੋਰ ਵੇਰਵਿਆਂ ਲਈ, ਕਿਰਪਾ ਕਰਕੇ ਲੱਗ ਔਨ ਕਰੋ www.tatadocomo.com 'ਤੇ



**5. ਪ੍ਰੀਪੇਡ ਅਤੇ ਪੋਸਟਪੇਡ ਮੋਬਾਈਲ ਸਰਵਿਸਿਜ਼ ਲਈ ਨਿਯਮ ਅਤੇ ਸ਼ਰਤਾਂ**

**ਨਿਯਮ ਅਤੇ ਸ਼ਰਤਾਂ**

**i. ਪਰਿਭਾਸ਼ਾਵਾਂ**

a) "ਅਪੀਲੀ ਅਥੱਰਿਟੀ" ਤੋਂ ਭਾਵ TRAI ਦੇ 2007 ਦੇ ਨੇਮ 3 ਤਹਿਤ ਇੱਕ ਜਾਂ ਜ਼ਿਆਦਾ ਵਿਅਕਤੀਆਂ ਨੂੰ ਅਪੀਲੀ ਅਥੱਰਿਟੀ ਵਜੋਂ ਨਿਯੁਕਤ ਕਰਨਾ।

b) "ਚਾਰਜਿਜ਼" ਜਾਂ ਟੈਰਿਫ ਵਿੱਚ ਸਾਰੀਆਂ ਫੀਸਾਂ, ਕੱਲ ਚਾਰਜਿਜ਼/ਟੈਰਿਫ, ਡਿਪੱਜ਼ਿਟਸ, ਰੈਂਟਲ ਅਤੇ ਇੰਟਰਕਨੈਕਸ਼ਨ ਲਾਗਤਾਂ ਸ਼ਾਮਲ ਹੋਣਗੀਆਂ ਅਤੇ ਗਾਹਕਾਂ ਨੂੰ ਸਮੇਂ ਸਮੇਂ 'ਤੇ ਸੇਵਾ/ਵਾਂ ਮੁਹਈਆ ਕਰਨ ਲਈ TTL ਦੁਆਰਾ ਚਾਰਜਯੋਗ ਕਈ ਹੋਰ ਅਚਨਚੇਤ ਚਾਰਜਿਜ਼ ਸ਼ਾਮਲ ਹਨ ਅਤੇ ਇਸ ਵਿੱਚ ਸਾਰੇ ਸਰਕਾਰੀ ਟੈਕਸ (ਵਰਤਮਾਨ ਅਤੇ ਭਾਵੀ) ਸ਼ਾਮਲ ਹਨ।

c) "ਗਾਹਕ" ਤੋਂ ਭਾਵ ਵਿਅਕਤੀ ਜਾਂ ਅਦਾਰੇ ਜਾਂ ਵਿਅਕਤੀ ਤੋਂ ਹੈ ਜਿਸਨੇ ਸੇਵਾ/ਵਾਂ ਦੇ ਪ੍ਰਬੰਧ ਲਈ ਅਰਜ਼ੀ ਦਿੱਤੀ ਹੈ ਦੇਖੋ ਨਾਲ ਨੱਥੀ CAF।

d) "ਡੈਜ਼ੀਗਨੇਟਿਡ ਸਰਵਿਸ ਪ੍ਰੋਵਾਇਡਰ" ਤੋਂ ਭਾਵ TTL ਦੁਆਰਾ ਸੇਵਾ/ਵਾਂ (ਜਾਂ ਉਹਨਾਂ ਵਿੱਚੋਂ ਕੋਈ ਵੀ) ਮੁਹਈਆ ਕਰਨ ਜਾਂ ਇਸ ਕਰਕੇ TTL ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਜਾਂ ਇਸ ਕਰਕੇ TTL ਦੇ ਅਧਿਕਾਰਾਂ ਦੀ ਵਰਤੋਂ ਕਰਨ ਲਈ ਨਾਮਜ਼ਦ ਕਿਸੇ ਵੀ ਵਿਅਕਤੀ ਜਾਂ ਕਾਨੂੰਨੀ ਅਦਾਰੇ ਤੋਂ ਹੈ ਅਤੇ ਇਸ ਵਿੱਚ ਲਾਇਸੈਂਸ ਤਹਿਤ ਅਗਿਆ ਦੇਣ ਲਈ ਅਜਿਹੇ ਕਿਸੇ ਵਿਅਕਤੀ ਜਾਂ ਕਾਨੂੰਨੀ ਅਦਾਰੇ ਦੇ ਜਾਨਸ਼ੀਨ ਅਤੇ ਪ੍ਰਵਾਨ ਕੀਤੇ ਅਸਾਇਨਜ਼ ਸ਼ਾਮਲ ਹਨ।

e) "DoT" ਤੋਂ ਭਾਵ ਦੂਰਸੰਚਾਰ ਵਿਭਾਗ, ਸੰਚਾਰ ਮੰਤਰਾਲਾ, ਭਾਰਤ ਸਰਕਾਰ ਤੋਂ ਹੈ ਅਤੇ ਇਸ ਵਿੱਚ ਇਸਦੇ ਸਕਸੈਸਰਜ਼-ਇਨ ਇਨਟ੍ਰਸਟ ਸ਼ਾਮਲ ਹਨ।

f) "ਇਕਵੀਪਮੈਂਟ" ਵਿੱਚ ਸੇਵਾ/ਵਾਂ ਹਾਸਲ ਕਰਨ ਲਈ ਨੈਟਵਰਕ ਨਾਲ ਜੁੜਣ ਲਈ ਲੋੜੀਂਦੇ ਕੋਈ ਵੀ ਫੋਨ ਇੰਸਟ੍ਰੂਮੈਂਟ, ਸਬਸਕ੍ਰਾਈਬਰ ਟਰਮੀਨਲ, ਨੈਟਵਰਕ ਇੰਟਰਫੇਸ ਯੂਨਿਟ (NIU) ਅਤੇ ਕੋਈ ਵੀ ਅਟੈਚਮੈਂਟਸ/ਐਕਸੈਸਰੀਜ਼ (ਜਾਂ ਇਹਨਾਂ ਵਿੱਚੋਂ ਕੋਈ ਵੀ) ਸ਼ਾਮਲ ਹੈ।

g) "ਸਰਕਾਰ" ਤੋਂ ਭਾਵ ਭਾਰਤ ਸਰਕਾਰ ਅਤੇ/ਜਾਂ ਕੋਈ ਰਾਜ ਸਰਕਾਰ, ਕੋਈ ਸਥਾਨਕ ਅਥੱਰਿਟੀ, ਛਾਉਣੀ ਬੋਰਡ, ਭਾਰਤੀ ਦੂਰਸੰਚਾਰ ਨੇਮਬੱਧ ਅਥੱਰਿਟੀ ਜਾਂ ਹੋਰ ਨਿਆਂਇਕ/ਅਰਧ-ਨਿਆਂਇਕ ਫੋਰਮ ਹੈ, ਜਿਵੇਂ ਵੀ ਕੇਸ ਹੋਏ, ਅਤੇ ਇਹਨਾਂ ਦੇ ਸਕਸੈਸਰਜ਼-ਇਨ-ਇਨਟ੍ਰਸਟ ਸ਼ਾਮਲ ਹੋਣਗੇ।

h) "ਲਾਇਸੈਂਸ" ਤੋਂ ਭਾਵ DoT ਦੁਆਰਾ ਸੇਵਾ/ਵਾਂ (ਜਾਂ ਇਹਨਾਂ ਵਿੱਚੋਂ ਕੋਈ ਵੀ) ਲਗਾਉਣ ਅਤੇ ਕਾਰਜਸ਼ੀਲ ਬਣਾਉਣ ਲਈ ਦਿੱਤਾ ਗਿਆ ਲਾਇਸੈਂਸ ਹੈ।

i) "ਨੈਟਵਰਕ" ਤੋਂ ਭਾਵ TTL ਦੁਆਰਾ ਸੇਵਾ/ਵਾਂ ਮੁਹਈਆ ਕਰਨ ਲਈ ਵਰਤੇ ਜਾਂਦੇ ਸੰਚਾਰ ਨੈਟਵਰਕ ਅਤੇ ਹੋਰ ਉਪਕਰਣਾਂ/ਸੱਫਟਵੇਅਰ ਤੋਂ ਹੈ ਅਤੇ ਇਸ ਵਿੱਚ ਟੈਲੀਫੋਨ ਐਕਸਚੇਜ਼, ਬੇਸ ਸਟੇਸ਼ਨ, ਮਾਇਕ੍ਰੋਵੇਵ ਅਤੇ ਲੈਂਡ-ਲਾਈਨ ਲਿੰਕ ਸ਼ਾਮਲ ਹੋਣਗੇ।

j) "ਹੋਰ ਸੇਵਾ/ਵਾਂ" ਤੋਂ ਭਾਵ ਕੋਈ ਵੀ ਸੇਵਾ/ਵਾਂ ਤੋਂ ਹੈ ਜੋ ਕਿ ਸੇਵਾ/ਵਾਂ ਤੋਂ ਵਾਧੂ ਹਨ ਇਹਨਾਂ ਵਿੱਚ ਕੰਟੈਂਟ ਅਤੇ ਡਾਟਾ ਸਰਵਿਸ/ਸਰਵਿਸਿਜ਼, ਬਿਲਿੰਗ ਅਤੇ ਕਲੈਕਸ਼ਨ ਸ਼ਾਮਲ ਹੈ ਪਰ ਸੀਮਿਤ ਨਹੀਂ।

k) "ਸਰਵਿਸ/ਸਰਵਿਸਿਜ਼" ਤੋਂ ਭਾਵ TTL ਦੁਆਰਾ ਇਸਦੇ ਨੈਟਵਰਕ ਰਾਹੀਂ ਉਪਲਬਧ ਕਰਾਈਆਂ ਜਾਣ ਵਾਲੀਆਂ ਦੂਰਸੰਚਾਰ ਸੇਵਾ/ਵਾਂ ਅਤੇ ਹੋਰ ਵੈਲਿਯੂ ਐਡਿਡ ਸੇਵਾ/ਵਾਂ ਤੋਂ ਹੋਏਗਾ, ਇਹਨਾਂ ਵਿੱਚ ਵੱਇਸ ਕੰਮਿਯੁਨਿਕੇਸ਼ਨ ਸਰਵਿਸ/ਸਰਵਿਸਿਜ਼, SMS ਅਤੇ ਕੋਈ ਹੋਰ ਸੇਵਾ/ਵਾਂ ਸ਼ਾਮਲ ਹਨ।

l) "ਸਰਵਿਸ ਏਰੀਆ" ਭਾਵ ਭੂਗੋਲਿਕ ਇਲਾਕਾ ਜਿਸ ਅੰਦਰ TTL ਨੂੰ ਲਾਇਸੈਂਸ ਤਹਿਤ ਸੇਵਾ/ਵਾਂ ਦੇਣ ਲਈ ਲਾਇਸੈਂਸ ਪ੍ਰਦਾਨ ਕੀਤਾ ਗਿਆ ਹੈ।

m) "TTL" ਤੋਂ ਭਾਵ ਸਾਂਝੇ ਤੌਰ 'ਤੇ ਅਤੇ ਵਿਅਕਤੀਗਤ ਤੌਰ 'ਤੇ (ਜਿਸ ਸੰਦਰਭ ਵਿੱਚ ਵਰਤਿਆ ਗਿਆ ਹੈ ਉਸ ਉੱਪਰ ਨਿਰਭਰ ਕਰਦੇ ਹੋਏ) TTSL ਅਤੇ TTML ਅਤੇ ਨਾਮਜ਼ਦ ਸਰਵਿਸ ਪ੍ਰੋਵਾਇਡਰਸ ਤੋਂ ਹੋਏਗਾ ਅਤੇ ਇਸ ਵਿੱਚ ਸਕਸੈਸਰਜ਼-ਇਨ ਇਨਟ੍ਰਸਟ ਅਤੇ TTSL ਅਤੇ/ਜਾਂ TTML ਅਤੇ/ਜਾਂ ਨਾਮਜ਼ਦ ਸਰਵਿਸ ਪ੍ਰੋਵਾਇਡਰਸ ਨੂੰ ਸ਼ਾਮਲ ਮੰਨਿਆ ਜਾਏਗਾ।

n) "TRAI" ਤੋਂ ਭਾਵ ਭਾਰਤੀ ਦੂਰਸੰਚਾਰ ਨੇਮਬਧ ਅਥੱਰਿਟੀ ਕਾਨੂੰਨ, 1997 ਤਹਿਤ ਕਾਇਮ ਕੀਤੀ ਗਈ ਭਾਰਤੀ ਦੂਰਸੰਚਾਰ ਨੇਮਬਧ ਅਥੱਰਿਟੀ ਹੈ।

o) "TTO" ਤੋਂ ਭਾਵ ਦੂਰਸੰਚਾਰ TRAI ਆੱਰਡਰ, 1999 ਤੋਂ ਹੈ ਜਿਸ ਵਿੱਚ ਓਦੋਂ ਦੁਆਰਾ ਭਾਰਤ ਦੇ ਸਰਕਾਰੀ ਗਜ਼ਟ ਵਿੱਚ ਸਮੇਂ ਸਮੇਂ 'ਤੇ ਐਲਾਨੀਆਂ ਅਤੇ ਪ੍ਰਕਾਸ਼ਿਤ ਕੀਤੀਆਂ ਤਰਮੀਮਾਂ ਸ਼ਾਮਲ ਹਨ।

TATA

**ii. ਸੇਵਾ/ਵਾਂ ਦਾ ਪ੍ਰਬੰਧ**

TTL ਗਾਹਕ ਨੂੰ ਸਰਵਿਸ ਏਰੀਆ ਦੇ ਅੰਦਰ ਸੇਵਾ/ਵਾਂ ਮੁਹਈਆ ਕਰਨ ਲਈ ਬਿਹਤਰੀਨ ਕੋਸ਼ਿਸ਼ਾਂ ਕਰੇਗਾ ਜੋ ਕਿ ਨਿਰਭਰ ਕਰਦਾ ਹੈ

a) ਇਹਨਾਂ ਨਿਯਮ ਅਤੇ ਸ਼ਰਤਾਂ 'ਤੇ,

b) ਲਾਇਸੈਂਸ ਦੀਆਂ ਧਾਰਾਵਾਂ 'ਤੇ,

c) DoT, TRAI, ਸਰਕਾਰ, ਅਦਾਲਤਾਂ, ਨਿਆਂਇਕ ਫੋਰਮਾਂ ਅਤੇ ਹੋਰ ਵਿਧਾਨਕ ਸੰਸਥਾਵਾਂ ਦੁਆਰਾ ਸਮੇਂ ਸਮੇਂ 'ਤੇ ਜਾਰੀ ਕੋਈ ਨਿਰਦੇਸ਼ਾਂ ਜਾਂ ਆਦੇਸ਼ਾਂ ਜਾਂ ਨੇਮਾਂ 'ਤੇ, ਅਤੇ

d) TTL ਦੁਆਰਾ ਨੈਟਵਰਕ ਦੇ ਕਾਰਜ ਅਤੇ ਰੱਖਰਖਾਅ ਅਤੇ ਸੇਵਾ/ਵਾਂ ਦੇ ਪ੍ਰਬੰਧ ਲਈ ਸਮੇਂ ਸਮੇਂ 'ਤੇ ਅਪਨਾਈਆਂ ਗਈਆਂ ਨੀਤੀਆਂ ਅਤੇ/ਜਾਂ ਨਿਯਮਾਂ ਅਤੇ/ਜਾਂ ਨੇਮਾਂ 'ਤੇ। TTL ਨੂੰ, ਇਸਦੇ ਵਿਵੇਕ ਅਨੁਸਾਰ, ਗਾਹਕ ਵੱਲੋਂ ਸੇਵਾ/ਵਾਂ ਦੇ ਪ੍ਰਬੰਧ ਲਈ ਦਿੱਤੀ ਅਰਜ਼ੀ ਸਵੀਕਾਰ ਕਰਨ ਜਾਂ ਖਾਰਜ ਕਰਨ ਦਾ ਅਧਿਕਾਰ ਹੈ ਦੇਖੋ ਨਾਲ ਨੱਥੀ CAF। TTL, ਸੰਬਧਤ ਅਰਜ਼ੀ ਦੇ ਪ੍ਰਵਾਨਗੀ ਬਾਰੇ ਗਾਹਕ ਨੂੰ ਜ਼ੁਬਾਨੀ ਤੌਰ 'ਤੇ ਸੂਚਿਤ ਕਰੇਗਾ।

**iii. ਸੇਵਾਂ ਸ਼ਰਤਾਂ**

a) ਸੇਵਾਂ/ਵਾਂ ਦੀ ਉਪਲਬਧਤਾ, ਸ਼ੁੱਧਤਾ ਅਤੇ ਕੁਆਲਿਟੀ TTL ਦੇ ਕੰਟਰੋਲ ਤੋਂ ਬਾਹਰ ਦੇ ਕਾਰਨਾਂ ਕਰਕੇ ਪ੍ਰਭਾਵਿਤ ਹੋ ਸਕਦੀ ਹੈ ਜਿਸ ਵਿੱਚ ਕੁਦਰਤੀ ਰੁਕਾਵਟਾਂ, ਨੈਟਵਰਕ ਦੀ ਉਪਲਬਧਤਾ ਜਾਂ ਕਾਰਗੁਜ਼ਾਰੀ, ਭੂਗੋਲਿਕ ਸਥਿਤੀਆਂ, ਮਾਨ-ਚਿੱਤਰ ਖਾਕਾ, ਮੌਸਮ ਅਤੇ ਰੇਡੀਓ ਇੰਟਰਫੇਅਰੈਂਸ, ਬਿਜਲੀ ਦਾ ਉਪਲਬਧ ਨਾ ਹੋਣਾ ਜਾਂ ਦੂਜੇ ਸੰਚਾਰ ਨੈਟਵਰਕ ਜਿਸ ਨਾਲ ਕਿ ਨੈਟਵਰਕ ਜੁੜਿਆ ਹੋਇਆ ਹੈ ਵਿੱਚ ਖਰਾਬੀ ਜਾਂ ਸੋਧ, ਤਰੀਕੇ ਦੇ ਉਚਿਤ ਅਧਿਕਾਰ ਦੀ ਨਾ-ਪ੍ਰਾਪਤੀ ਜਾਂ ਪ੍ਰਾਪਤੀ ਵਿੱਚ ਦੇਰੀ ਅਤੇ ਉਪਕਰਣ ਦਾ ਖਰਾਬ ਹੋਣਾ ਜਾਂ ਸੋਧ ਕੀਤੇ ਜਾਣਾ ਸ਼ਾਮਲ ਹੈ ਪਰ ਸੀਮਿਤ ਨਹੀਂ।

b) ਜੇਕਰ ਨੈਟਵਰਕ ਨਾਕਾਮ ਹੋ ਜਾਂਦਾ ਹੈ ਜਾਂ ਇਸ ਵਿੱਚ ਸੋਧ ਜਾਂ ਰੱਖਰਖਾਅ ਦੀ ਜ਼ਰੂਰਤ ਹੁੰਦੀ ਹੈ ਤਾਂ, ਸੇਵਾ/ਵਾਂ, ਬਿਨਾਂ ਸੂਚਨਾ ਦੇ ਕਿਸੇ ਵੀ ਸਮੇਂ ਸਮੁੱਚੇ ਤੌਰ 'ਤੇ ਜਾਂ ਅੰਸ਼ਕ ਤੌਰ 'ਤੇ ਮੁਲਤਵੀ ਕੀਤੀਆਂ ਜਾ ਸਕਦੀਆਂ ਹਨ। TTL ਅਜਿਹੀਆਂ ਘਟਨਾਵਾਂ ਦੀ ਆਵ੍ਰਿਤੀ ਅਤੇ ਸਮਾਂ ਘੱਟ ਤੋਂ ਘੱਟ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇਗਾ।

c) ਫੋਨ ਨੰਬਰ ਦੀ ਅਲਾੱਟਮੈਂਟ ਕੀਤੀ ਜਾਏਗੀ, ਅਤੇ ਸਮੇਂ ਸਮੇਂ 'ਤੇ ਇਹ TTL ਦੁਆਰਾ ਇਸਦੇ ਸੰਪੂਰਣ ਵਿਵੇਕ ਅਨੁਸਾਰ ਬਦਲਿਆ ਜਾ ਸਕਦਾ ਹੈ।ਗਾਹਕ ਦਾ ਉਸਨੂੰ ਅਲਾੱਟ ਕੀਤੇ ਗਏ ਨੰਬਰ 'ਤੇ ਕੋਈ ਮਾਲਕਾਨਾ ਹੱਕ ਜਾਂ ਹੋਰ ਹਿੱਤ ਨਹੀਂ ਹੋਏਗਾ।

d) TTL ਉਪਕਰਣ ਦੇ ਗੁੰਮ ਹੋ ਜਾਣ ਦੀ ਸੂਰਤ ਵਿੱਚ ਉਹੀ ਨੰਬਰ ਮੁਹਈਆ ਕਰਨ ਲਈ ਪਾਬੰਦ ਨਹੀਂ ਹੋਏਗਾ।

e) TTL ਨੂੰ ਗਾਹਕ ਨੂੰ ਤਰਕਸੰਗਤ ਨੋਟਿਸ/ਅਜਿਹੇ ਢੰਗ ਨਾਲ ਦਿੱਤਾ ਗਿਆ ਜਿਵੇਂ ਕਿ TTL ਸਹੀ ਮੰਨਦਾ ਹੈ ਕਿਸੇ ਵੀ ਸਮੇਂ ਚਾਰਜਿਜ਼ ਵਿੱਚ ਸੋਧ ਕਰਨ ਦਾ ਇੱਕਮਾਤਰ ਅਧਿਕਾਰ ਅਤੇ ਅਖ਼ਤਿਆਰ ਹੈ।

f) TTL ਨੂੰ ਗਾਹਕ ਦੁਆਰਾ ਦਿੱਤੇ ਜਾਣ ਵਾਲੇ ਚਾਰਜਿਜ਼ ਲਈ ਕ੍ਰੈਡਿਟ ਸੀਮਾ ਲਗਾਉਣ ਅਤੇ ਹੋਰ ਸ਼ਰਤਾਂ ਤੈਅ ਕਰਨ ਅਤੇ ਅੰਤਰਿਮ ਜਾਂ ਅਗਾਊਂ ਅਦਾਇਗੀ ਜਾਂ ਡਿਪੌਜ਼ਿਟਸ/ਵਾਧੂ ਡਿਪੌਜ਼ਿਟਸ ਦੀ ਮੰਗ ਕਰਨ, ਅਤੇ ਜੇਕਰ ਅਜਿਹੀ ਸੀਮਾ ਪਾਰ ਹੁੰਦੀ ਹੈ ਜਾਂ ਅਜਿਹੀਆਂ ਸ਼ਰਤਾਂ ਦੀ ਉਲੰਘਣਾ ਹੁੰਦੀ ਹੈ ਤਾਂ ਸੇਵਾ/ਵਾਂ ਲਈ ਪਹੁੰਚ ਮੁਲਤਵੀ ਜਾਂ ਡਿਸਕਨੈਕਟ ਕਰਨ ਦਾ ਅਧਿਕਾਰ ਹੈ।

g) TTL ਨੂੰ ਚਾਰਜਿਜ਼ ਲਈ ਸਮੇਂ ਸਮੇਂ 'ਤੇ ਬਿਲ ਸਾਈਕਲ ਵੱਖਰਾ ਕਰਨ ਦਾ ਅਧਿਕਾਰ ਹੈ। (ਸ਼ਰਤ ਪ੍ਰੀਪੇਡ ਸੇਵਾਵਾਂ ਲਈ ਲਾਗੂ ਨਹੀਂ ਹੈ)।

h) TTL ਨੂੰ ਗਾਹਕ ਦੀ ਮਾਲੀ ਸਥਿਤੀ ਸਮੇਤ ਗਾਹਕ ਦੇ ਪਰਿਚੈ ਪੱਤਰ ਦੀ ਜਾਂ ਕਰਨ ਅਤੇ ਅਜਿਹੇ ਮੰਤਵਾਂ ਲਈ ਕਿਸੇ ਵਿਅਕਤੀ ਜਾਂ ਏਜੰਸੀ ਦੀਆਂ ਸੇਵਾਵਾਂ ਲੈਣ ਦਾ ਅਧਿਕਾਰ ਹੈ। TTL ਦੀ ਸੇਵਾ/ਵਾਂ (ਜਾਂ ਇਹਨਾਂ ਵਿੱਚੋਂ ਕੋਈ ਵੀ) ਮੁਹਈਆ ਕਰਨ ਦੀ ਜ਼ਿੰਮੇਵਾਰੀ ਹਮੇਸ਼ਾਂ ਗਾਹਕ ਦੇ ਪਰਿਚੈ ਪੱਤਰ ਅਤੇ ਦਸਤਾਵੇਜ਼ਾਂ ਦੀ ਤਸਦੀਕ 'ਤੇ ਨਿਰਭਰ ਕਰੇਗੀ ਅਤੇ ਜੇਕਰ ਕਿਸੇ ਵੀ ਸਮੇਂ, ਗਾਹਕ ਦੁਆਰਾ ਦਿੱਤੀ ਗਈ ਕੋਈ ਵੀ ਜਾਣਕਾਰੀ ਅਤੇ/ਜਾਂ ਗਾਹਕ ਦੁਆਰਾ ਦਿੱਤੇ ਦਸਤਾਵੇਜ਼ ਗਲਤ ਜਾਂ ਅਧੂਰੇ ਜਾਂ ਸ਼ੱਕੀ ਪਾਏ ਜਾਂਦੇ ਹਨ, ਤਾਂ TTL ਨੂੰ ਬਿਨਾ ਕਿਸੇ ਨੋਟਿਸ ਦੇ ਸੇਵਾ/ਵਾਂ ਨੂੰ ਮੁਲਤਵੀ ਕਰਨ/ਖਤਮ ਕਰਨ ਦਾ ਅਧਿਕਾਰ ਹੋਏਗਾ।

i) TTL ਨੂੰ ਗਾਹਕ ਦੁਆਰਾ ਇਹਨਾਂ ਵਿੱਚੋਂ ਕਿਸੇ ਵੀ ਨਿਯਮ ਅਤੇ ਸ਼ਰਤ ਦੀ ਉਲੰਘਣਾ ਕਰਲ ਦੀ ਸੂਰਤ ਵਿੱਚ (ਚਾਰਜਿਜ਼ ਦੀ ਅਦਾਇਗੀ ਨਾ ਕਰਨ ਅਤੇ ਗਾਹਕ ਦੁਆਰਾ ਆਪਣੇ ਬਕਾਏ ਦੀ ਅਦਾਇਗੀ ਲਈ ਕੀਤੇ ਗਏ ਭੁਗਤਾਨ ਦੇ ਨਾਕਾਮ ਹੋਣ ਸਮੇਤ) ਵਾਜਬ ਕਾਨੂੰਨੀ ਪ੍ਰਕ੍ਰਿਆ ਕਰਨ ਦਾ ਅਧਿਕਾਰ ਹੋਏਗਾ।



TATA

j) TTL ਦੁਆਰਾ ਗਾਹਕ ਨੂੰ ਦਿੱਤੀ ਗਈ ਕੋਈ ਵੀ ਛੋਟ, ਰਿਆਇਤ ਅਤੇ ਵਾਧੂ ਸਮਾਂ ਖ਼ਾਸ ਹਾਲਾਤ ਲਈ ਸੀਮਿਤ ਹੈ ਜਿਸ ਵਿੱਚ ਇਹ ਦਿੱਤਾ ਗਿਆ ਸੀ ਅਤੇ ਇਹ ਇਹਨਾਂ ਨਿਯਮ ਅਤੇ ਸ਼ਰਤਾਂ ਤਹਿਤ TTL ਦੇ ਅਧਿਕਾਰਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ।

k) TTL, ਬਿਨਾ ਕਿਸੇ ਨੋਟਿਸ ਦੇ, ਬਿਨਾਂ ਕੋਈ ਕਾਰਨ ਦੱਸਿਆ, ਕਿਸੇ ਵੀ ਸਮੇਂ ਸੇਵਾ/ਵਾਂ ਨੂੰ ਸਮੁੱਚੇ ਤੌਰ 'ਤੇ ਜਾਂ ਇਸਦੇ ਕਿਸੇ ਹਿੱਸੇ ਤੋਂ ਇਨਕਾਰ ਕਰ ਸਕਦਾ ਹੈ, ਘੱਟ ਕਰ ਸਕਦਾ ਹੈ, ਸੋਧ, ਮੁਲਤਵੀ, ਡਿਸਕਨੈਕਟ ਜਾਂ ਖਤਮ ਕਰ ਸਕਦਾ ਹੈ, ਜੇਕਰ ਕਿਸੇ ਵਿਧਾਨਕ ਅਥੌਰਿਟੀ ਜਾਂ ਨਿਆਂਇਕ ਫੋਰਮ ਵੱਲੋਂ ਅਜਿਹਾ ਕਰਨ ਦਾ ਨਿਰਦੇਸ਼ ਦਿੱਤਾ ਜਾਂਦਾ ਹੈ।

l) ਲਾਇਸੈਂਸ ਤਹਿਤ ਆਗਿਆ ਦਿੱਤੀ ਗਈ ਹੱਦ ਲਈ, TTL ਨੂੰ ਕਿਸੇ ਵੀ ਤੀਜੀ ਧਿਰ ਨੂੰ TTL ਦੀਆਂ ਜ਼ਿੰਮੇਵਾਰੀਆਂ (ਜਾਂ ਇਹਨਾਂ ਵਿੱਚੋਂ ਕੋਈ ਵੀ) ਪੂਰੀਆਂ ਕਰਨ ਅਤੇ/ਜਾਂ ਇਹਨਾਂ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਕਾਰਨ ਮਿਲਣ ਵਾਲੇ TTL ਦੇ ਅਧਿਕਾਰਾਂ (ਜਾਂ ਇਹਨਾਂ ਵਿੱਚੋਂ ਕੋਈ ਵੀ) ਦੀ ਵਰਤੋਂ ਕਰਨ ਲਈ ਨਾਮਜ਼ਦ ਕਰਨ ਦਾ ਅਧਿਕਾਰ ਹੋਏਗਾ। TTL ਨੂੰ ਗਾਹਕ ਤੋਂ ਕੋਈ ਵੀ ਸਹਿਮਤੀ ਲੈਣ ਲਈ ਜਵਾਬਦੇਹ ਹੋਏ ਬਿਨਾਂ ਜਾਂ ਉਸਨੂੰ ਕੋਈ ਨੋਟਿਸ ਦਿੱਤੇ ਬਿਨਾਂ ਕਿਸੇ ਵੀ ਤੀਜੀ ਧਿਰ ਨੂੰ ਕਿਸੇ ਵੀ ਸਮੇਂ ਇਸਦੇ ਅਧਿਕਾਰ ਅਤੇ/ਜਾਂ ਜ਼ਿੰਮੇਵਾਰੀਆਂ ਦੇਣ ਦਾ ਵੀ ਅਧਿਕਾਰ ਹੋਏਗਾ।

m) TTL ਨੂੰ ਗਾਹਕ ਨੂੰ ਬਿਨਾਂ ਕੋਈ ਨੋਟਿਸ ਮੁਹਈਆ ਕੀਤਿਆਂ ਇਸਦੇ ਸੰਪੂਰਣ ਵਿਵੇਕ ਅਨੁਸਾਰ ਸਮੇਂ ਸਮੇਂ 'ਤੇ ਇਹਨਾਂ ਨਿਯਮ ਅਤੇ ਸ਼ਰਤਾਂ (ਜਾਂ ਇਹਨਾਂ ਵਿੱਚੋਂ ਕਿਸੇ ਵਿੱਚ) ਤਰਮੀਮ ਕਰਨ ਅਤੇ/ਜਾਂ ਵੱਖਰੇ ਤੌਰ 'ਤੇ ਵਾਧੂ ਸ਼ਰਤਾਂ ਤੈਅ ਕਰਨ ਦਾ ਅਧਿਕਾਰ ਹੋਏਗਾ।

n) ਗਾਹਕ ਦੁਆਰਾ TTL ਨੂੰ ਗਾਹਕ ਦੁਆਰਾ ਮੁਹਈਆ ਕੀਤੀ ਕੋਈ ਵੀ ਅਤੇ ਸਾਰੀ ਜਾਣਕਾਰੀ (ਗਾਹਕ ਜਾਂ ਉਸਦੇ ਕਾਰੋਬਾਰ ਨਾਲ ਸੰਬਧਤ ਜਾਣਕਾਰੀ ਸਮੇਤ) ਜਾਂ TTL ਦੁਆਰਾ ਗਾਹਕ ਤੋਂ ਸੁਤੰਤਰ ਤੌਰ 'ਤੇ ਇਕੱਤਰ ਕੀਤੀ ਜਾਣਕਾਰੀ TTL ਦੁਆਰਾ ਕਿਸੇ ਵਿਧਾਨਕ ਅਥੌਰਿਟੀ ਜਾਂ ਕਿਸੇ ਹੋਰ ਅਦਾਰੇ/ਵਿਅਕਤੀ ਨੂੰ ਦਿੱਤੀ ਜਾ ਸਕਦੀ ਹੈ ਭਾਵੇਂ TTL ਗਾਹਕ ਨੂੰ ਸੇਵਾ/ਵਾਂ ਮੁਹਈਆ ਕਰਦਾ ਹੈ ਜਾਂ ਨਹੀਂ।

o) TTL ਨੂੰ ਗਾਹਕ ਦੁਆਰਾ ਕੀਤੇ ਡਿਪਾਜ਼ਿਟਸ/ਅਦਾਇਗੀ ਨੂੰ TTL ਪ੍ਰਤੀ ਬਕਾਇਆ ਕਿਸੇ ਵੀ ਚਾਰਜਿਜ਼ ਵਿਰੁੱਧ ਸਮਾਯੋਜਿਤ ਕਰਨ/ਅਦਾ ਕਰਨ ਦਾ ਅਧਿਕਾਰ ਹੋਏਗਾ। ਇਸੇ ਤਰ੍ਹਾਂ, TTL ਨੂੰ TTL ਦੁਆਰਾ ਗਾਹਕ ਨੂੰ ਅਦਾਇਗੀਯੋਗ/ਵਾਪਸੀਯੋਗ ਕਿਸੇ ਵੀ ਰਕਮ ਨੂੰ ਅਜਿਹੀ ਕਿਸੇ ਵੀ ਰਕਮ ਵਿਰੁੱਧ ਸਮਾਯੋਜਿਤ ਕਰਨ/ਅਦਾ ਕਰਨ ਦਾ ਅਧਿਕਾਰ ਹੋਏਗਾ, ਜੋ ਕਿ TTL ਦੇ ਵਿਚਾਰ ਅਨੁਸਾਰ ਗਾਹਕ ਦੁਆਰਾ ਸੇਵਾਵਾਂ ਲਈ ਜਾਂ ਕਿਸੇ ਵੀ ਹੋਰ ਖਰਚੇ ਲਈ ਗਾਹਕ ਦੁਆਰਾ TTL ਨੂੰ ਭੁਗਤਾਨਯੋਗ ਹਨ। ਅਜਿਹਾ ਸਮਾਯੋਜਨ/ਸੈਟ ਆੱਫ ਕਟੌਤੀ ਕਰਨ ਅਤੇ/ਜਾਂ ਕੋਈ ਕੋਈ ਡਿਪੌਜ਼ਿਟ/ਵਾਧੂ ਡਿਪੌਜ਼ਿਟ/ਐਡਵਾਂਸ ਨੂੰ ਜ਼ਬਤ ਕਰਨ ਅਤੇ/ਜਾਂ ਕਿਸੇ ਹੋਰ ਤਰੀਕੇ ਨਾਲ ਕੀਤੇ ਜਾ ਸਕਦੇ ਹਨ ਜਿਵੇਂ TTL, ਆਪਣੇ ਇੱਕਮਾਤਰ ਅਤੇ ਸੰਪੂਰਣ ਵਿਵੇਕ ਅਨੁਸਾਰ ਇਸਨੂੰ ਸਹੀ ਮੰਨਦਾ ਹੈ।

p) TTL ਨੇ MTNL/BSNL ਅਤੇ/ਜਾਂ ਦੂਜੇ ਦੂਰਸੰਚਾਰ ਸਰਵਿਸ ਪ੍ਰੋਵਾਇਡਰਸ ਨਾਲ ਜਵਾਬੀ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਹਨ/ਇਸਨੂੰ ਦਸਤਖ਼ਤ ਕਰਨ ਦੀ ਲੋੜ ਹੈ ਜਿਸ ਅਨੁਸਾਰ TTL ਕਿਸੇ ਵਿਅਕਤੀ ਨੂੰ ਨਵਾਂ ਕਨੈਕਸ਼ਨ ਮੁਹਈਆ ਨਹੀਂ ਕਰੇਗਾ ਜਿਸ ਉੱਪਰ ਕਿਸੇ ਦੂਜੇ ਸਰਵਿਸ ਪ੍ਰੋਵਾਇਡਰ ਦਾ ਬਕਾਇਆ ਹੈ ਅਤੇ ਜਿਸਦੀ ਲਾਈਨ ਅਜਿਹੇ ਕਿਸੇ ਦੂਜੇ ਸਰਵਿਸ ਪ੍ਰੋਵਾਇਡਰ ਦੁਆਰਾ ਮੁਲਤਵੀ ਕੀਤੀ ਗਈ ਹੈ। ਜੇਕਰ ਅਜਿਹਾ ਕੋਈ ਵਿਅਕਤੀ ਪਹਿਲਾਂ ਹੀ, TTL ਦਾ ਗਾਹਕ ਹੈ, ਤਾਂ TTL ਨੂੰ ਅਜਿਹੇ ਕਿਸੇ ਦੂਜੇ ਸਰਵਿਸ ਪ੍ਰੋਵਾਇਡਰ ਦੁਆਰਾ ਕੀਤੀ ਬੇਨਤੀ 'ਤੇ, ਅਜਿਹੇ ਗਾਹਕ ਨੂੰ ਦਿੱਤੀਆਂ ਜਾਂਦੀਆਂ ਸੇਵਾਵਾਂ ਖਤਮ ਕਰਨ ਦੀ ਲੋੜ ਹੋਏਗੀ ਭਾਵੇਂ ਅਜਿਹਾ ਗਾਹਕ TTL ਦੇ ਚਾਰਜਿਜ਼ ਨਿਯਮਿਤ ਤੌਰ 'ਤੇ ਅਦਾ ਕਰ ਰਿਹਾ ਹੋਵੇ ਅਤੇ ਇਹਨਾਂ ਨਿਯਮ ਅਤੇ ਸ਼ਰਤਾਂ ਦੀਆਂ ਧਾਰਾਵਾਂ ਦੀ ਪਾਲਣਾ ਕਰ ਰਿਹਾ ਹੋਵੇ।, ਹਾਲਾਂਕਿ, TTL ਉਪਰੋਕਤ ਅਨੁਸਾਰ ਸੇਵਾ/ਵਾਂ ਖਤਮ ਕਰਨ/ਡੀਐਕਟੀਵੇਟ ਕਰਨ ਦੀ ਸੂਰਤ ਵਿੱਚ ਕੋਈ ਵੀ ਲਾਗਤ, ਨੁਕਸਾਨ ਜਾਂ ਹਾਨੀ ਲਈ ਦੇਣਦਾਰ ਨਹੀਂ ਹੋਏਗਾ।

q) ਗਾਹਕ ਨੂੰ ਸੇਵਾ/ਵਾਂ ਲੈਣ ਲਈ ਵਰਤੇ ਜਾਂਦੇ/ਵਰਤੇ ਜਾਣ ਵਾਲੇ ਉਪਕਰਣ 'ਤੇ ਲੋਡ ਕੀਤੇ ਸੌਫਟਵੇਅਰ ਦੀ ਵਰਤੋਂ ਲਈ ਵਿਅਕਤੀਗਤ ਗੈਰ-ਤਬਾਦਲਾਯੋਗ ਲਾਇਸੈਂਸ ਦਿੱਤਾ ਗਿਆ ਹੈ। ਲਾਇਸੈਂਸ ਰੌਯਲਿਟੀ ਮੁਕਤ ਹੋਏਗਾ ਜਦੋਂ ਤਕ ਕਿ TTL ਦੁਆਰਾ ਕਿਸੇ ਦੂਜੇ ਢੰਗ ਨਾਲ ਉਲੇਖ ਨਾ ਕੀਤਾ ਗਿਆ ਹੋਵੇ ਅਤੇ ਕੇਸ ਵਿੱਚ, ਫੈਸਲੇ ਜਾਂ ਟੀਟੀਐਲ ਦੇ ਵਿਚਾਰ ਵਿੱਚ TTL ਦੇ ਸੰਪੂਰਣ ਵਿਵੇਕ ਅਨੁਸਾਰ ਰੱਦ ਕਰਨ ਯੋਗ ਹੋਏਗਾ, ਜੇਕਰ ਗਾਹਕ ਸੌਫਟਵੇਅਰ ਵਿੱਚ ਸੋਧ ਕਰਨ, ਡੀਕੰਪਾਇਲ ਕਰਨ, ਡਿਸਅਸੈਂਬਲ ਕਰਨ, ਰਿਵਰਸ ਇੰਜੀਨਿਅਰ, ਈਰੇਜ਼, ਡੀਕੋਡ, ਛੇੜਛਾੜ, ਜਾਂ ਕਿਸੇ ਹੋਰ ਤਰ੍ਹਾਂ ਨਾਲ ਬਦਲਣ ਦੀ ਕੋਸ਼ਿਸ਼ ਕਰਦਾ ਹੈ ਜਾਂ ਅਸਲ ਵਿੱਚ ਅਜਿਹਾ ਕਰਦਾ ਹੈ ਜਾਂ ਗਾਹਕ ਦੁਆਰਾ ਇਹਨਾਂ ਵਿੱਚੋਂ ਕਿਸੇ ਵੀ ਨਿਯਮ ਜਾਂ ਸ਼ਰਤ ਦੀ ਉਲੰਘਣਾ ਕੀਤੀ ਜਾਂਦੀ ਹੈ।

r) ਗਾਹਕ ਨੂੰ ਉਪਕਰਣ 'ਤੇ ਲੋਡ ਕੀਤੇ ਗਏ ਸੌਫਟਵੇਅਰ ਦੀ ਵਰਤੋਂ TTL ਦੁਆਰਾ ਮੁਹਈਆ ਕੀਤੀਆਂ ਦੂਰਸੰਚਾਰ ਸੇਵਾਵਾਂ ਤਕ ਪਹੁੰਚ ਕਰਨ ਦੇ ਮੰਤਵ ਲਈ ਕਰਨ ਦਾ ਅਧਿਕਾਰ ਹੋਏਗਾ ਅਤੇ ਇਸਨੂੰ ਕਿਸੇ ਹੋਰ ਮੰਤਵਾਂ (ਤੀਜੀਆਂ ਧਿਰਾਂ ਦੁਆਰਾ ਮੁਹਈਆ ਕੀਤੀਆਂ ਦੂਰਸੰਚਾਰ ਸੇਵਾਵਾਂ TTL ਦੁਆਰਾ ਆਗਿਆ ਦਿੱਤੀ ਤੀਜੀ ਧਿਰ ਤੋਂ ਛੁੱਟ ਤਕ ਪਹੁੰਚ ਕਰਨ ਸਮੇਤ) ਲਈ ਵਰਤੋਂ ਕਰਨ ਦਾ ਅਧਿਕਾਰ ਨਹੀਂ ਹੋਏਗਾ।

TATA

**iv. ਗਾਹਕ ਦੀਆਂ ਜ਼ਿੰਮੇਵਾਰੀਆਂ**

a) ਗਾਹਕ ਸੇਵਾ/ਵਾਂ ਲਈ ਹੇਠਲੇ ਅਧਾਰ 'ਤੇ ਅਦਾਇਗੀ ਕਰਨ ਲਈ ਜ਼ਿੰਮੇਵਾਰ ਹੋਏਗਾ :

i. ਭੁਗਤਾਨ ਬਿਲ ਵਿੱਚ ਜ਼ਿਕਰ ਕੀਤੀ ਭੁਗਤਾਨ ਦੀ ਤਰੀਕ 'ਤੇ ਜਾਂ ਪਹਿਲਾਂ ਕਰਨਾ ਹੋਏਗਾ ਜਿਸ ਵਿੱਚ ਨਾਕਾਮ ਰਹਿਣ 'ਤੇ ਵਿਆਜ਼ ਜੋਕਿ 18% ਸਾਲਾਨਾ ਅਤੇ/ਜਾਂ ਲੇਟ ਫੀਸ ਭੁਗਤਾਨ ਦੀ ਤਰੀਕ ਤੋਂ ਬਿਲ ਦੀ ਅਦਾਇਗੀ ਦੀ ਤਰੀਕ ਤਕ ਸਾਰੇ ਬਕਾਏ ਚਾਰਜਿਜ਼ 'ਤੇ ਚਾਰਜਯੋਗ ਹੋਏਗਾ। ਇਸ ਤੋਂ ਇਲਾਵਾ, ਸੇਵਾ/ਵਾਂ (ਇਹਨਾਂ ਵਿੱਚੋਂ ਕੋਈ ਵੀ) ਅਜਿਹੀ ਕਿਸੇ ਸੂਰਤ ਵਿੱਚ TTL ਦੇ ਸੰਪੂਰਣ ਵਿਵੇਕ ਅਨੁਸਾਰ ਮੁਲਤਵੀ/ਬੰਦ/ਖਤਮ ਕੀਤੀਆਂ ਜਾਣਗੀਆਂ।

ii. ਚਾਰਜਿਜ਼ ਦੀ ਅਦਾਇਗੀ ਨਕਦ, ਕ੍ਰੈਡਿਟ ਕਾਰਡ, ਕ੍ਰੱਸਡ ਚੈਕ, ਕ੍ਰੱਸਡ ਡਿਮਾਂਡ ਡ੍ਰਾਫਟ ਜਾਂ TTL ਦੁਆਰਾ ਸਮੇਂ ਸਮੇਂ 'ਤੇ ਤੈਅ ਕੀਤੇ ਜਾਂਦੇ ਕਿਸੇ ਹੋਰ ਤਰੀਕੇ ਨਾਲ ਕੀਤੀ ਜਾ ਸਕਦੀ ਹੈ। ਚੈਕ ਦੁਆਰਾ ਕੀਤੀ ਜਾਂਦੀ ਅਦਾਇਗੀ ਚੈਕ ਦੇ ਕੈਸ਼ ਹੋਣ ਮਗਰੋਂ ਵੈਧ ਹੁੰਦੀ ਹੈ। TTL ਉਦੋਂ ਤਕ ਨਕਦੀ ਜਾਂ ਅਦਾਇਗੀ ਦੇ ਤਰੀਕੇ ਦੇ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਏਗਾ ਜਦੋਂ ਤਕ ਕਿ TTL ਦੁਆਰਾ ਗਾਹਕ ਨੂੰ ਇਸ ਵਾਸਤੇ ਰਸੀਦ ਜਾਰੀ ਨਾ ਕੀਤੀ ਗਈ ਹੋਵੇ।

iii. ਗਾਹਕ ਉਸ ਦੁਆਰਾ ਅਦਾਇਗੀ ਲਈ ਵਰਤੇ ਗਏ ਕਿਸੇ ਵੀ ਤਰੀਕੇ ਦੇ ਨਾਕਾਮ ਹੋਣ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਤੋਂ ਇਲਾਵਾ ਜੁਰਮਾਨਾ/ਫੀਸ ਅਦਾ ਕਰਨ ਲਈ ਦੇਣਦਾਰ ਹੋਏਗਾ।

iv. ਗਾਹਕ ਉਸਨੂੰ ਮੁਹਈਆ ਕੀਤੀਆਂ ਜਾਂਦੀਆਂ ਸੇਵਾ/ਵਾਂ ਲਈ ਸਾਰੇ ਚਾਰਜਿਜ਼ ਅਦਾ ਕਰਨ ਲਈ ਜ਼ਿੰਮੇਵਾਰ ਹੋਏਗਾ। ਪੋਸਟਪੇਡ ਸਬਸਕ੍ਰਾਈਬਰ ਲਈ, ਬਿਲ ਜਾਂ TTL ਦੁਆਰਾ ਤੈਅ ਕੀਤੇ ਚਾਰਜਿਜ਼ ਭਾਵੇਂ ਸੇਵਾ/ਵਾਂ ਗਾਹਕ ਜਾਂ ਗਾਹਕ ਦੇ ਫੋਨ ਤੋਂ/ਫੋਨ ਕਨੈਕਸ਼ਨ ਤੋਂ ਕਿਸੇ ਹੋਰ ਦੁਆਰਾ, ਗਾਹਕ ਦੀ ਜਾਣਕਾਰੀ ਨਾਲ ਜਾਂ ਉਸਦੀ ਜਾਣਕਾਰੀ ਤੋਂ ਬਿਨਾਂ ਵਰਤੀਆਂ ਗਈਆਂ ਹੋਣ, ਉਹ ਸਾਰੇ ਚਾਰਜਿਜ਼ ਅਦਾ ਕਰਨ ਲਈ ਜ਼ਿੰਮੇਵਾਰ ਹੋਏਗਾ।

v. ਚਾਰਜਿਜ਼ ਦੇ ਸੰਬੰਧ ਵਿੱਚ ਕਿਸੇ ਵਿਵਾਦ ਦੀ ਸੂਰਤ ਵਿੱਚ, ਗਾਹਕ ਅਜਿਹੇ ਵਿਵਾਦ ਦੇ ਨਿਪਟਾਰੇ ਤਕ TTL ਦੁਆਰਾ ਦਿੱਤੇ ਗਏ ਬਿਲ ਅਨੁਸਾਰ ਚਾਰਜਿਜ਼ ਅਦਾ ਕਰਨ ਲਈ ਜ਼ਿੰਮੇਵਾਰ ਹੋਏਗਾ।

vi. ਪੋਸਟਪੇਡ ਗਾਹਕ ਮੁਹਈਆ ਕੀਤੀਆਂ ਸੇਵਾਵਾਂ ਲਈ ਅਦਾਇਗੀ ਕਰਨ ਲਈ ਜ਼ਿੰਮੇਵਾਰ ਹੋਏਗਾ ਭਾਵੇਂ ਗਾਹਕ ਨੂੰ ਬਿਲ ਪ੍ਰਾਪਤ ਹੋਣ ਜਾਂ ਨਾ ਹੋਣ। TTL ਇਸਦੇ ਰਿਕਾਰਡ ਅਨੁਸਾਰ ਬਿਲਿੰਗ ਦੇ ਪਤੇ 'ਤੇ ਬਿਲ ਭੇਜੇਗਾ। ਬਿਲ ਨਾ ਮਿਲਣ ਦੀ ਸੂਰਤ ਵਿੱਚ ਅਦਾਇਗੀਆਂ ਲਈ ਦੇਅ ਤਰੀਕ ਤੋਂ ਪਹਿਲਾਂ ਪੁੱਛਗਿੱਛ ਕਰਨਾ ਗਾਹਕ ਦੀ ਜ਼ਿੰਮੇਵਾਰੀ ਹੋਏਗੀ।

vii. ਗਾਹਕ ਦੁਆਰਾ ਬਕਾਏ ਦੀ ਅਦਾਇਗੀ ਨਾ ਕਰਨ ਜਾਂ ਇਹਨਾਂ ਨਿਯਮ ਅਤੇ ਸ਼ਰਤਾਂ ਦੀ ਹੋਰ ਉਲੰਘਣਾ ਕਰਨ ਦੀ ਸੂਰਤ ਵਿੱਚ, ਗਾਹਕ ਬਕਾਇਆਂ ਦੀ ਉਗਰਾਹੀ, ਕਾਨੂੰਨੀ ਖਰਚੇ ਆਦਿ ਲਈ ਸਾਰੇ ਖਰਚੇ ਅਤੇ ਲਾਗਤਾਂ, ਵਿਆਜ਼ ਦੇ ਨਾਲ ਅਦਾ ਕਰਨ ਲਈ ਜ਼ਿੰਮੇਵਾਰ ਹੋਏਗਾ, ਜੇਕਰ ਮਾਮਲੇ ਨੂੰ TTL ਦੀ ਕਲੈਕਸ਼ਨ ਏਜੰਸੀ/ਕਾਨੂੰਨੀ ਸਲਾਹਕਾਰ/ਪ੍ਰਤੀਨਿਧ ਕੋਲ ਭੇਜਣਾ ਜ਼ਰੂਰੀ ਹੋਏ।

viii. ਗਾਹਕ ਚਾਰਜਿਜ਼ ਤੋਂ ਇਲਾਵਾ ਸਾਰੇ ਟੈਕਸ, ਮਹਿਸੂਲ ਜਾਂ ਕਰ ਅਦਾ ਕਰਨ ਲਈ ਜ਼ਿੰਮੇਵਾਰ ਹੋਏਗਾ, ਇਹਨਾਂ ਵਿੱਚ ਇਸ ਵਿੱਚ CAF/ਨਿਯਮ ਅਤੇ ਸ਼ਰਤਾਂ 'ਤੇ ਲਗਾਏ ਗਏ/ਲਗਾਏ ਜਾਣ ਯੋਗ ਟੈਕਸ ਸ਼ਾਮਲ ਹੋਣਗੇ।

b) ਗਾਹਕ ਕਿਸੇ ਅਨੁਚਿਤ, ਅਨੈਤਿਕ ਜਾਂ ਗ਼ੈਰਕਾਨੂੰਨੀ ਮੰਤਵ ਲਈ ਸੇਵਾ/ਵਾਂ ਦੀ ਵਰਤੋਂ ਨਹੀਂ ਕਰੇਗਾ ਜਾਂ ਦੂਜਿਆਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦਏਗਾ ਇਸ ਵਿੱਚ ਅਜਿਹਾ ਕੋਈ ਵੀ ਤਰੀਕਾ ਵੀ ਸ਼ਾਮਲ ਹੈ ਜੋ ਕਿ ਨੈਟਵਰਕ ਦੇ ਔੱਪਰੇਸ਼ਨ ਵਿੱਚ ਰੁਕਾਵਟ ਪਾ ਸਕਦਾ ਹੈ, ਪ੍ਰਭਾਵਿਤ ਕਰ ਸਕਦਾ ਹੈ ਜਾਂ ਨਾਕਾਰਾ ਬਣਾ ਸਕਦਾ ਹੈ ਅਤੇ/ਜਾਂ TTL ਦੇ ਹੋਰ ਗਾਹਕਾਂ ਦੀਆਂ ਸੇਵਾਵਾਂ ਵਿੱਚ ਵਿਘਨ ਪਾ ਸਕਦਾ ਹੈ ਜਾਂ ਸਰਬਜਨਕ ਜਾਂ ਨਿਜੀ ਗੜਬੜ ਪੈਦਾ ਕਰ ਸਕਦਾ ਹੈ।

c) ਗਾਹਕ DoT, ਸਰਕਾਰ ਅਤੇ/ਜਾਂ TTL ਦੁਆਰਾ ਨੈਟਵਰਕ ਨਾਲ ਵਰਤਣ ਲਈ ਪ੍ਰਵਾਨ ਕੀਤਾ ਉਪਕਰਣ ਹੀ ਵਰਤੇਗਾ। ਗਾਹਕ TTL ਦੀ ਅਗਾਊਂ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਸੇਵਾ/ਵਾਂ ਹਾਸਲ ਕਰਨ ਲਈ ਵਰਤੇ ਜਾਂਦੇ/ਵਰਤੇ ਜਾਣ ਵਾਲੇ ਉਪਕਰਣ ਨਾਲ ਕੋਈ ਅਟੈਚਮੈਂਟ ਨਹੀਂ ਲਗਾਏਗਾ ਜਾਂ ਜੋੜੇਗਾ। ਗਾਹਕ ਸੇਵਾਵਾਂ ਹਾਸਲ ਕਰਨ ਦੇ ਉਦੇਸ਼ਾਂ ਲਈ ਇਸਤੇਮਾਲ ਕਰਨ ਤੋਂ ਛੁੱਟ TTL ਨਾਲ ਸੰਬੰਧਤ ਉਪਕਰਣ ਦੀ ਵਰਤੋਂ ਨਹੀਂ ਕਰੇਗਾ।

d) ਗਾਹਕ, ਗਾਹਕ ਦੁਆਰਾ ਸੇਵਾ/ਵਾਂ ਦੀ ਵਰਤੋਂ ਅਤੇ ਉਪਕਰਣ ਦੀ ਖ਼ਰੀਦ ਸੰਬੰਧਤ ਟੈਕਸ ਕਾਨੂੰਨਾਂ ਅਤੇ ਦਰਾਮਦ ਕੰਟਰੋਲ ਸ਼ਰਤਾਂ ਸਮੇਤ ਪਰ ਸੀਮਿਤ ਨਹੀਂ ਦੇ ਸੰਬੰਧ ਵਿੱਚ ਸਰਕਾਰ, DoT ਜਾਂ TTL ਦੁਆਰਾ ਜਾਰੀ ਸਾਰੇ ਸੰਬੰਧਤ ਕਾਨੂੰਨਾਂ, ਨਿਯਮਾਂ ਅਤੇ ਨੇਮਾਂ, ਕੋਈ ਹੋਰ ਨਿਰਦੇਸ਼ਾਂ ਦੀ ਪਾਲਣਾ ਕਰੇਗਾ।

e) ਗਾਹਕ ਉਪਕਰਣ ਨੂੰ ਖੋਲ੍ਹੇਗਾ, ਮੁਰੰਮਤ, ਇਸਦੇ ਹਿੱਸੇ ਪੁਰਜ਼ਿਆ ਨੂੰ ਬਦਲੇਗਾ ਨਹੀਂ ਜਾਂ ਕਿਸੇ ਹੋਰ ਤਰੀਕੇ ਨਾਲ ਇਸ ਨਾਲ ਛੇੜਛਾੜ ਨਹੀਂ ਕਰੇਗਾ ਜਦੋਂ ਤਕ ਕਿ TTL ਦੁਆਰਾ ਖ਼ਾਸ ਤੌਰ 'ਤੇ ਆਗਿਆ ਨਾ ਦਿੱਤੀ ਗਈ ਹੋਵੇ। ਉਪਕਰਣ ਦੀ ਸੁਰੱਖਿਆ ਗਾਹਕ ਦੀ ਜ਼ਿੰਮੇਵਾਰੀ ਹੋਏਗੀ। ਜੇਕਰ ਉਪਕਰਣ ਗੁੰਮ, ਚੋਰੀ ਜਾਂ ਖਰਾਬ ਹੋ ਜਾਂਦਾ ਹੈ ਤਾਂ ਗਾਹਕ ਫੌਰਨ TTL ਨੂੰ ਸੂਚਿਤ ਕਰੇਗਾ ਅਤੇ ਲਿਖਤੀ ਵਿੱਚ ਇਸਦੀ ਪੁਸ਼ਟੀ ਕਰੇਗਾ। ਪਿਛਲੇ ਵਾਕ ਦੇ ਬਾਵਜੂਦ, ਗਾਹਕ ਸਾਰੇ ਚਾਰਜਿਜ਼ ਅਦਾ ਕਰਨ ਲਈ ਜ਼ਿੰਮੇਵਾਰ ਰਹੇਗਾ ਜਦੋਂ ਤਕ ਉਪਕਰਣ ਦੁਆਰਾ ਮੁਹਈਆ ਕੀਤੀਆਂ ਜਾਂਦੀਆਂ ਸੇਵਾ/ਵਾਂ ਨੂੰ ਡੀਐਕਟੀਵੇਟ ਨਹੀਂ ਕੀਤਾ ਜਾਂਦਾ। ਅਜਿਹੀ ਸੂਰਤ ਵਿੱਚ, ਗਾਹਕ ਉਪਕਰਣ ਦੇ ਗੁੰਮ ਹੋਣ, ਚੋਰੀ ਜਾਂ ਖਰਾਬ ਹੋਣ ਦੇ ਨਤੀਜੇ ਵਜੋਂ TTL ਨੂੰ ਹੋਏ ਨੁਕਸਾਨ ਦੀ ਭਰਪਾਈ ਲਈ ਵੀ ਜ਼ਿੰਮੇਵਾਰ ਹੋਏਗਾ।



TATA

f) ਗਾਹਕ TTL ਨੂੰ ਸਮੇਂ ਸਮੇਂ 'ਤੇ ਲੋੜੀਂਦੀ ਦਰੁਸਤ ਅਤੇ ਮੁਕੰਮਲ ਜਾਣਕਾਰੀ ਅਤੇ ਦਸਤਾਵੇਜ਼ ਮੁਹਈਆ ਕਰੇਗਾ।

g) ਗਾਹਕ ਸੇਵਾ/ਵਾਂ ਦੇ ਪ੍ਰਬੰਧ ਅਤੇ ਮੁਲਤਵੀ ਕੀਤੇ ਜਾਣ ਦੇ ਸਮੇਂ ਦੌਰਾਨ ਅਤੇ ਉਸ ਮਗਰੋਂ ਚਾਰਜਿਜ਼ ਅਦਾ ਕਰਨ ਲਈ ਜ਼ਿੰਮੇਵਾਰ ਹੋਏਗਾ ਜਦੋਂ ਤਕ ਕਿ ਅਦਾਇਗੀ ਪੂਰੀ ਤਰ੍ਹਾਂ ਨਹੀਂ ਕੀਤੀ ਜਾਂਦੀ।

h) ਗਾਹਕ ਬਿਲਿੰਗ ਦੇ ਪਤੇ ਵਿੱਚ ਕਿਸੇ ਵੀ ਤਬਦੀਲੀ ਬਾਰੇ, TTL ਨੂੰ, ਲਿਖਤੀ ਵਿੱਚ ਸੂਚਿਤ ਕਰੇਗਾ। TTL ਦੁਆਰਾ ਜਾਂ ਇਸ ਵੱਲੋਂ ਜਾਰੀ ਕੀਤੇ ਕਿਸੇ ਵੀ ਲਿਖਤੀ ਪੱਤਰ, ਬਿਲ, ਬਿਲਿੰਗ ਸਟੇਟਮੈਂਟ ਜਾਂ ਨੋਟਿਸ ਨੂੰ ਆਮ ਡਾਕ ਦੁਆਰਾ ਪੋਸਟਿੰਗ ਦੇ 48 ਘੰਟਿਆਂ ਅੰਦਰ ਭੇਜਿਆ ਗਿਆ ਮੰਨਿਆ ਜਾਏਗਾ।

i) ਗਾਹਕ TTL ਦੀ ਅਗਾਊਂ ਲਿਖਤੀ ਸਹਿਮਤੀ ਤੋਂ ਬਿਨਾ ਇਹਨਾਂ ਨਿਯਮ ਅਤੇ ਸ਼ਰਤਾਂ ਤਹਿਤ ਮੁਹਹੀਆ ਕੀਤੀ ਸੇਵਾ/ਵਾਂ ਵਿੱਚ ਕੋਈ ਅਧਿਕਾਰ ਜਾਂ ਹਿੱਤ ਸਪੁਰਦ ਨਹੀਂ ਕਰੇਗਾ। ਗਾਹਕ TTL ਨਾਲ ਸੰਬੰਧਤ ਉਪਕਰਣ ਦੇ ਸੰਬੰਧ ਵਿੱਚ ਤਬਾਦਲਾ, ਜਾਂ ਨਿਪਟਾਰਾ ਜਾਂ ਕੋਈ ਪੁਨਰਗ੍ਰਹਿਣ ਅਧਿਕਾਰ ਜਾਂ ਦਾਅਵਾ ਪੈਦਾ ਨਹੀਂ ਕਰੇਗਾ।

j) ਗਾਹਕ ਸੇਵਾ/ਵਾਂ ਦੇ ਸੰਬੰਧ ਵਿੱਚ ਸਮੇਂ ਸਮੇਂ 'ਤੇ TTL ਦੁਆਰਾ ਤੈਅ ਪ੍ਰਕ੍ਰਿਆਵਾਂ ਦੀ ਪਾਲਣਾ ਕਰੇਗਾ।

k) ਗਾਹਕ ਸੇਵਾ/ਵਾਂ ਵਿੱਚ ਕਿਸੇ ਕਮੀ ਬਾਰੇ ਅਜਿਹੀ ਕਮੀ ਹੋਣ ਦੇ 7 ਦਿਨਾਂ ਅੰਦਰ TTL ਨੂੰ ਲਿਖਤੀ ਵਿੱਚ ਸੂਚਿਤ ਕਰੇਗਾ। TTL, ਅਜਿਹੀ ਕਮੀ ਬਾਰੇ ਮੁਕੰਮਲ ਜਾਣਕਾਰੀ ਹਾਸਲ ਹੋਣ ਮਗਰੋਂ, ਕਮੀ ਵਿੱਚ ਸੋਧ ਕਰਨ ਦੀ ਕੋਸ਼ਿਸ਼ ਕਰੇਗਾ।

l) ਗਾਹਕ TTL ਅਤੇ/ਜਾਂ ਇਸਦੇ ਅਧਿਕ੍ਰਿਤ ਪ੍ਰਤੀਨਿਧਾਂ ਨੂੰ ਸੇਵਾ/ਵਾਂ ਲੈਣ ਲਈ ਵਰਤੇ ਜਾਂਦੇ/ਵਰਤੇ ਜਾਣ ਵਾਲੇ ਉਪਕਰਣ ਇੰਸਟਾਲ ਕਰਨ, ਐਕਟੀਵੇਟ ਕਰਨ, ਮੁਰੰਮਤ, ਟਾਇ-ਇੰਸਟਾਲ ਅਤੇ ਰਿਕਵਰ ਕਰਨ ਲਈ ਗਾਹਕ ਦੇ ਪਰਿਸਰ ਵਿੱਚ ਦਾਖ਼ਲ ਹੋਣ ਅਤੇ ਉੱਥੇ ਰੁਕਣ ਦੀ ਆਗਿਆ ਦਏਗਾ ਅਤੇ ਗਾਹਕ ਜਿੱਥੇ ਕਿਤੇ ਵੀ ਲੋੜ ਹੋਏ TTL ਨੂੰ ਕੋਈ ਲਾਗਤ ਨਹੀਂ, ਵਾਜਬ ਪ੍ਰਵਾਨਗੀਆਂ ਅਤੇ ਸਹਿਮਤੀ ਹਾਸਲ ਕਰੇਗਾ।

m) ਗਾਹਕ TTL ਨਾਲ ਸੰਬੰਧਤ ਉਪਕਰਣ ਜੋ ਕਿ ਗਾਹਕ ਨੂੰ ਦਿੱਤਾ ਗਿਆ ਹੈ/ਸੀ ਜਾਂ ਕਿਸੇ ਵੀ ਸਮੇਂ ਗਾਹਕ ਦੇ ਪਰਿਸਰ ਵਿੱਚ ਸੀ, ਸੇਵਾ/ਵਾਂ ਦੇ ਖਤਮ ਹੋਣ/ਡਿਸਕਨੈਕਸ਼ਨ ਦੇ ਨਤੀਜੇ ਵਜੋਂ ਹਿਸਦਾ ਕਬਜ਼ਾ TTL ਨੂੰ ਸੌਂਪ ਦਏਗਾ।

n) ਫਿਕਸਡ ਟੈਲੀਫੋਨ ਕਨੈਕਸ਼ਨ ਦੇ ਸੰਬੰਧ ਵਿੱਚ, ਗਾਹਕ ਯਕੀਨੀ ਬਣਾਏਗਾ ਕਿ ਸੇਵਾ/ਵਾਂ ਲੈਣ ਲਈ ਵਰਤਿਆ ਗਿਆ ਉਪਕਰਣ TTL ਵੱਲੋਂ ਲਿਖਤੀ ਵਿੱਚ ਦਿੱਤੀ ਅਗਾਊਂ ਸਹਿਮਤੀ ਅਤੇ ਇਸ ਦੁਆਰਾ ਤੈਅ ਸ਼ਰਤਾਂ ਦੀ ਪਾਲਣਾ ਕਰਨ ਤੋਂ ਛੁੱਟ ਇੰਸਟਾਲੇਸ਼ਨ ਦੇ ਪਰਿਸਰ ਤੋਂ ਹਿਲਾਇਆ ਜਾਂ ਤਬਦੀਲ ਨਹੀਂ ਕੀਤਾ ਗਿਆ ਹੈ। (ਇਹ ਸ਼ਰਤ ਪ੍ਰੀਪੇਡ ਗਾਹਕਾਂ ਲਈ ਲਾਗੂ ਨਹੀਂ ਹੈ)

o) ਗਾਹਕ, ਜੇਕਰ ਜ਼ਰੂਰੀ ਹੋਏ, ਉਪਕਰਣ ਨੂੰ ਚਲਾਉਣ ਲਈ ਬਿਜਲੀ ਦੀ ਸਪਲਾਈ ਮੁਹਈਆ ਕਰੇਗਾ। ਉਪਕਰਣ ਨੂੰ ਸਹੀ ਢੰਗ ਨਾਲ ਰੱਖਣਾ ਅਤੇ ਇਸਦੀ ਸੁਰੱਖਿਆ ਗਾਹਕ ਦੀ ਜ਼ਿੰਮੇਵਾਰੀ ਹੋਏਗੀ।

**v. ਵੈਧਤਾ**

ਇਹ ਨਿਯਮ ਅਤੇ ਸ਼ਰਤਾਂ 1885 ਦੇ ਭਾਰਤੀ ਟੈਲੀਗ੍ਰਾਫ਼ ਕਾਨੂੰਨ, ਭਾਰਤੀ ਦੂਰਸੰਚਾਰ ਨੇਮਬੱਧ ਅਥੱਾਰਿਟੀ ਕਾਨੂੰਨ 1997 ਦੀਆਂ ਧਾਰਾਵਾਂ, ਇਹਨਾਂ ਤਹਿਤ ਤੈਅ ਕੀਤੇ ਨਿਯਮਾਂ ਅਤੇ ਕਾਨੂੰਨਾਂ ਅਤੇ ਹੋਰ ਵਿਧਾਨਾਂ, ਸਮੇਂ ਸਮੇਂ 'ਤੇ ਪ੍ਰਚਲਿਤ ਅਤੇ ਲਾਗੂ ਕਾਨੂੰਨਾਂ ਅਤੇ ਨੇਮਾਂ ਅਤੇ ਇਸ ਤੋਂ ਇਲਾਵਾ ਕਿਸੇ ਅਦਾਲਤਾਂ, ਟ੍ਰਿਬਯੁਨਲਸ ਅਤੇ ਵਿਧਾਨਕ ਅਥੱਾਰਿਟੀਜ਼ ਦੁਆਰਾ ਦਿੱਤੇ ਗਏ ਨਿਰਦੇਸ਼ਾਂ/ਆਦੇਸ਼ਾਂ 'ਤੇ ਨਿਰਭਰ ਕਰਨਗੀਆਂ।

**vi. ਜ਼ਿੰਮੇਵਾਰੀ ਦੀ ਸੀਮਾਬੱਧਤਾ**

a) TTL ਨੈਟਵਰਕ ਜਾਂ ਸੇਵਾ/ਵਾਂ ਜਾਂ ਉਪਕਰਣ ਜਾਂ ਸੌੱਫ਼ਟਵੇਅਰ ਦੇ ਨਿਰਵਿਘਨ ਜਾਂ ਨੁਕਸ ਰਹਿਤ ਕੰਮ ਕਰਨ ਦੀ ਗਾਰੰਟੀ ਨਹੀਂ ਦਿੰਦਾ ਅਤੇ ਨੈਟਵਰਕ/ਸੇਵਾ/ਵਾਂ/ਉਪਕਰਣ/ਸੌੱਫ਼ਟਵੇਅਰ ਦੀ ਵਰਤੋਂ ਦੌਰਾਨ ਕਿਸੇ ਘਟਨਾ (ਅੱਗ, ਧਮਾਕੇ, ਜੰਗ, ਦੰਗਿਆਂ, ਹੜਤਾਲਾਂ, ਲੌੱਕਆਉਟਸ, ਪਿਕਟਿੰਗ, ਬਾਇਕੌੱਟ, ਸਰਕਾਰੀ ਅਧਿਕਾਰੀਆਂ ਦੀਆਂ ਕਾਰਵਾਈਆਂ, ਕੁਦਰਤੀ ਘਟਨਾਂ ਅਤੇ ਹੋਰ ਦੂਰਸੰਚਾਰ ਜਾਂ ਸੰਬੰਧਤ ਸਰਵਿਸ ਪ੍ਰੋਵਾਇਡਰਸ ਦੇ ਟਿਕਾਣਿਆ ਜਾਂ ਕਾਰਵਾਈਆਂ ਵਿੱਚ ਪੈਦਾ ਹੋਣ ਵਾਲੇ ਕਾਰਨਾਂ ਸਮੇਤ ਪਰ ਸੀਮਿਤ ਨਹੀ) ਕਾਰਨ ਗਾਹਕ ਜਾਂ ਕਿਸੇ ਹੋਰ ਵਰਤੋਂਕਾਰ ਜਾਂ ਕਿਸੇ ਹੋਰ ਵਿਅਕਤੀ ਨੂੰ ਸੱਟ ਲੱਗਣ ਜਾਂ ਨੁਕਸਾਨ ਹੋਣ ਜਾਂ ਮੌਤ ਲਈ ਜ਼ਿੰਮੇਵਾਰ ਨਹੀਂ ਹੋਏਗਾ।

b) TTL ਇਹਨਾਂ ਨਿਯਮ ਅਤੇ ਸ਼ਰਤਾਂ ਵਿੱਚ ਖ਼ਾਸ ਤੌਰ 'ਤੇ ਤੈਅ ਕੀਤੇ ਤੋਂ ਇਲਾਵਾ ਕੋਈ ਨੁਮਾਇੰਦਗੀ ਜਾਂ ਵਾਰੰਟੀ ਨਹੀਂ ਦਿੰਦਾ। TTL ਸਪਸ਼ਟ ਰੂਪ ਵਿੱਚ ਸਾਰੀਆਂ ਵਾਰੰਟੀਜ਼, ਜ਼ਾਹਿਰ ਜਾਂ ਲਾਗੂ ਕਿਸੇ ਵਿਸ਼ੇਸ਼ ਮੰਤਵ ਲਈ ਮਰਚੈਂਟੇਬਿਲਟੀ ਜਾਂ ਫਿਟਨੈਸ ਲਈ ਕਿਸੇ ਲਾਗੂ ਵਾਰੰਟੀ ਸਮੇਤ ਪਰ ਸੀਮਿਤ ਨਹੀਂ ਨੂੰ ਅਸਵੀਕਾਰ ਕਰਦਾ ਹੈ।

c) TTL ਉਪਕਰਣ ਜਾਂ ਸੇਵਾ/ਵਾਂ ਦੇ ਸੰਬੰਧ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੋ ਵੀ ਜਾਂ ਜਿਸ ਤਰ੍ਹਾਂ ਵੀ ਹੋਈ ਹਾਨੀ, ਖਰਚੇ ਜਾਂ ਨੁਕਸਾਨ ਲਈ ਗਾਹਕ ਨੂੰ ਦੇਣਦਾਰ ਨਹੀਂ ਹੋਏਗਾ।

d) ਉਪਰੋਕਤ (b) ਦੀ ਵਿਆਪਕਤਾ ਦੇ ਬਾਵਜੂਦ, TTL ਸਿੱਧੇ ਜਾਂ ਅਸਿੱਧੇ ਤੌਰ 'ਤੇ ਹੋਣ ਵਾਲੀ ਪਰਿਣਾਮੀ ਹਾਨੀ, ਨੁਕਸਾਨ, ਆਰਥਿਕ ਜਾਂ ਕਿਸੇ ਹੋਰ ਤਰ੍ਹਾਂ ਨਾਲ, ਮੁਨਾਫ਼ੇ ਜਾਂ ਸਾਖ ਦੇ ਨੁਕਸਾਨ ਸਮੇਤ ਭਾਵੇਂ ਇਸਦੀ ਸੰਭਾਵਨਾ ਬਾਰੇ ਸਲਾਹ ਦਿੱਤੀ ਗਈ ਹੋਵੇ, ਲਈ ਆਪਣੇ ਆਪ ਨੂੰ ਅਤੇ ਇਸਦੇ ਡਾਇਰੈਕਟਰਾਂ ਅਤੇ ਇਸਦੇ ਮੁਲਾਜ਼ਮਾਂ ਨੂੰ ਸਪਸ਼ਟ ਰੂਪ ਵਿੱਚ ਜ਼ਿੰਮੇਵਾਰੀ ਤੋਂ ਮੁਕਤ ਕਰਦਾ ਹੈ। TTL ਗਾਹਕ ਦੁਆਰਾ ਨੈਟਵਰਕ ਰਾਹੀਂ ਪ੍ਰਾਪਤ ਕੀਤੇ ਜਾਂ ਭੇਜੇ ਗਏ ਸੁਨੇਹੇ ਜਾਂ ਮਜਮੂਨ ਕਾਰਨ ਪੈਦਾ ਹੋਣ ਵਾਲੇ ਅਪਮਾਨ ਅਤੇ/ਜਾਂ ਹੱਤਕ ਇੱਜ਼ਤ ਲਈ ਸਪਸ਼ਟ ਰੂਪ ਵਿੱਚ ਆਪਣੇ ਆਪ ਨੂੰ ਜ਼ਿੰਮੇਵਾਰੀ ਤੋਂ ਮੁਕਤ ਕਰਦਾ ਹੈ।

e) TTL ਆਪਣੇ ਅਖ਼ਤਿਆਰ ਅਨੁਸਾਰ, ਗਾਹਕ ਨੂੰ ਗਾਹਕ ਦੇ ਉਪਕਰਣ ਰਾਹੀਂ, ਗਾਹਕ ਲਈ ਇਲੈਕਟ੍ਰਾਨਿਕ ਮੀਡੀਆ ਜਾਂ ਕਿਸੇ ਦੂਜੀ ਤਰ੍ਹਾਂ ਦੀ ਵਰਤੋਂ ਲਈ ਵੱਖ ਵੱਖ ਜਾਣਕਾਰੀ ਭੇਜ ਸਕਦਾ ਹੈ।

f) ਕਿਸੇ ਅਜਿਹੀ ਸੂਰਤ ਵਿੱਚ ਇਹਨਾਂ ਨਿਯਮ ਅਤੇ ਸ਼ਰਤਾਂ ਵਿੱਚ ਸ਼ਾਮਲ ਕੋਈ ਵੀ ਅਲਹਿਦਗੀ ਕਿਸੇ ਕਾਰਨ ਲਈ ਅਵੈਧ ਮੰਨੀ ਜਾਏਗੀ, ਅਤੇ TTL ਹਾਨੀ ਜਾਂ ਨੁਕਸਾਨ ਲਈ ਜ਼ਿੰਮੇਵਾਰ ਬਣ ਜਾਂਦਾ ਹੈ ਜਿਸ ਵਾਸਤੇ ਇਹ ਵੈਸੇ ਜ਼ਿੰਮੇਵਾਰ ਨਹੀਂ ਹੁੰਦਾ ਹੈ, ਤਾਂ ਅਜਿਹੀ ਜ਼ਿੰਮੇਵਾਰੀ ਗਾਹਕ ਵੱਲ ਬਕਾਏ ਚਾਰਜਿਜ਼ ਸਮਾਯੋਜਿਤ ਕਰਨ ਮਗਰੋਂ ਗਾਹਕ ਦੁਆਰਾ ਅਦਾ ਕੀਤੇ ਕਿਸੇ ਵੀ ਡਿਪੌਜ਼ਿਟ ਦੀ ਵਾਪਸੀ 'ਤੇ ਸੀਮਿਤ ਹੋਏਗੀ।

**vii. ਮੁਅਤਲੀ/ਡਿਸਕਨੈਕਸ਼ਨ/ਸਮਾਪਤੀ**

a) ਇੱਥੇ ਸ਼ਾਮਲ ਕਿਸੇ ਵੀ ਚੀਜ਼ ਦੇ ਬਾਵਜੂਦ, TTL ਨੂੰ ਸੇਵਾ/ਵਾਂ ਨੂੰ ਮੁਅਤਲੀ/ਡਿਸਕਨੈਕਟ/ਸਮਾਪਤ ਕਰਨ ਭਾਵੇਂ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਅਤੇ ਭਾਵੇਂ ਆਰਜ਼ੀ ਤੌਰ 'ਤੇ ਜਾਂ ਸਥਾਈ ਤੌਰ 'ਤੇ) ਕਰਨ ਦਾ ਅਧਿਕਾਰ ਹੋਏਗਾ। ਜੇਕਰ:

i. ਸਰਕਾਰ ਜਾਂ ਅਥੌਰਿਟੀ ਲਾਇਸੈਂਸ ਜਾਂ ਸੇਵਾ/ਵਾਂ ਆਰਜ਼ੀ ਤੌਰ 'ਤੇ ਜਾਂ ਵੈਸੇ ਨੂੰ ਮੁਲਤਵੀ, ਸਮਾਪਤ ਜਾਂ ਵਾਪਸ ਲੈਂਦੀ ਹੈ;
ii. ਕਿਸੇ ਵੀ ਸਮੇਂ ਗਾਹਕ ਲੋੜੀਂਦੀ ਕ੍ਰੈਡਿਟ ਜਾਂਚ ਵਿੱਚ ਤਸੱਲੀ ਕਰਾਉਣ ਵਿੱਚ ਨਾਕਾਮ ਰਹਿਣ ਜਾਂ ਗ਼ਲਤ ਜਾਂ ਗੁਮਰਾਹਕੁਨ ਜਾਣਕਾਰੀ ਪਾਉਂਦਾ ਹੈ (ਭਾਵੇਂ ਧੋਖਾਧੜੀ ਦੇ ਇਰਾਦੇ ਨਾਲ ਜਾਂ ਨਹੀਂ)।
iii. ਗਾਹਕ ਬਕਾਏ ਚਾਰਜਿਜ਼ ਅਦਾ ਕਰਨ ਵਿੱਚ ਨਾਕਾਮ ਰਹਿੰਦਾ ਹੈ।
iv. ਗਾਹਕ ਇਹਨਾਂ ਨਿਯਮ ਅਤੇ ਸ਼ਰਤਾਂ ਦੀ ਕਿਸੇ ਹੋਰ ਧਾਰਾ ਦੀ ਉਲੰਘਣਾ ਕਰਦਾ ਹੈ।
v. ਗਾਹਕ ਨੂੰ ਸੇਵਾ/ਵਾਂ (ਜਾਂ ਇਹਨਾਂ ਵਿੱਚੋਂ ਕੋਈ) ਦੇ ਪ੍ਰਬੰਧ ਨਾਲ ਨੈਟਵਰਕ ਜਾਂ TTL ਦੇ ਉਪਕਰਣ ਜਾਂ ਦੂਜੇ ਗਾਹਕਾਂ ਨੂੰ ਸੇਵਾ/ਵਾਂ ਦੇ ਪ੍ਰਬੰਧ 'ਤੇ ਵਿਪਰੀਤ ਪ੍ਰਭਾਵਤ ਹੁੰਦਾ ਹੈ ਜਾਂ ਜੇਕਰ ਗਾਹਕ ਨੂੰ ਸੇਵਾ/ਵਾਂ ਦੇ ਪ੍ਰਬੰਧ ਦੀ ਸੁਵਿਧਾ ਲਈ ਜ਼ਰੂਰੀ ਪ੍ਰਵਾਨਗੀਆਂ/ਸਹਿਮਤੀਆਂ/ਪਰਮਿਟ ਰੱਦ, ਬੰਦ ਜਾਂ ਮੁਲਤਵੀ ਕਰ ਦਿੱਤੇ ਗਏ ਹਨ।
vi. ਜੇਕਰ ਗਾਹਕ ਨੂੰ ਦਿਵਾਲੀਆ, ਬੈਂਕਰਪਟ ਐਲਾਨਿਆ ਗਿਆ ਹੈ ਜਾਂ ਦਿਵਾਲਾ ਕੱਢਿਆ ਗਿਆ ਜਾਂ ਭੰਗ ਕੀਤਾ ਗਿਆ ਹੈ।
vii. ਜੇਕਰ ਗਾਹਕ ਦੇ ਅਸਾਸਿਆਂ 'ਤੇ ਕਬਜ਼ਾ ਕਰਨ ਲਈ ਟ੍ਰਸਟੀ ਜਾਂ ਰਿਸੀਵਰ ਨਿਯੁਕਤ ਕੀਤਾ ਗਿਆ ਹੈ।
viii. ਜੇਕਰ ਸਰਕਾਰ ਜਾਂ ਅਥੌਰਿਟੀ ਨੂੰ ਇਸ ਤਰੀਕੇ ਨਾਲ ਇਹਨਾਂ ਨਿਯਮ ਅਤੇ ਸ਼ਰਤਾਂ ਵਿੱਚ ਸੋਧ ਕਰਨ ਦੀ ਲੋੜ ਹੁੰਦੀ ਹੈ ਜਿਸ ਕਾਰਨ TTL ਲਈ ਅਹਿਮ ਵਿਪਰੀਤ ਨਤੀਜੇ ਹੋ ਸਕਦੇ ਹਨ।

b) ਤੈਅ ਕੀਤੀਆਂ ਕਿਹਨਾਂ ਵੀ ਧਾਰਾਵਾਂ ਦੀ ਪਾਲਣਾ ਲਈ ਸੇਵਾ/ਵਾਂ ਦੀ ਮੁਅਤਲੀ/ਡਿਸਕਨੈਕਸ਼ਨ/ਸਮਾਪਤੀ ਬਿਨਾਂ ਕਿਸੇ ਪੱਖਪਾਤ ਦੇ, ਅਤੇ ਕਿਸੇ ਵੀ ਲਾਗੂ ਕਾਨੂੰਨ ਜਾਂ ਵਿਧਾਨ ਤਹਿਤ TTL ਲਈ ਉਪਲਬਧ ਕਿਸੇ ਵੀ ਹੱਲ ਜਾਂ ਸਮਾਧਾਨ ਤੋਂ ਇਲਾਵਾ ਹੋਏਗਾ।

c) ਕਿਸੇ ਵੀ ਕਾਰਨ ਕਰਕੇ ਸੇਵਾ/ਵਾਂ ਦੀ ਮੁਅਤਲੀ/ਡਿਸਕਨੈਕਸ਼ਨ/ਸਮਾਪਤੀ ਦੀ ਸੂਰਤ ਵਿੱਚ, TTL ਗਾਹਕ ਤੋਂ ਸਾਰੇ ਬਕਾਏ ਅਤੇ ਸਾਰੇ ਬਕਾਇਆ ਚਾਰਜਿਜ਼ (ਪ੍ਰੀਪੇਡ ਗਾਹਕ ਦੀ ਸੂਰਤ ਵਿੱਚ "ਉਪਕਰਣ") ਦੀ ਵਸੂਲੀ ਕਰਨ ਦਾ ਅਧਿਕਾਰ ਹੋਏਗਾ।

d) ਸੇਵਾ/ਵਾਂ ਦਾ ਕੋਈ ਵੀ ਮੁੜ ਕਨੈਕਸ਼ਨ TTL ਦੇ ਸੰਪੂਰਣ ਵਿਵੇਕ ਅਨੁਸਾਰ ਅਤੇ TTL ਵੱਲੋਂ ਤੈਅ ਕੀਤੇ ਚਾਰਜਿਜ਼ ਦੀ ਅਦਾਇਗੀ ਅਤੇ ਹੋਰ ਸ਼ਰਤਾਂ ਨੂੰ ਪੂਰਾ ਕਰਨ ਮਗਰੋਂ ਕੀਤਾ ਜਾਏਗਾ।

e) ਗਾਹਕ ਸੇਵਾ/ਵਾਂ ਦੀ ਮੁਅਤਲੀ ਦੇ ਸਮੇਂ ਦੌਰਾਨ ਚਾਰਜਿਜ਼ ਲਈ ਦੇਣਦਾਰ ਬਣਿਆ ਰਹੇਗਾ।

**viii. ਸਰਵਿਸਯੋਗਤਾ ਅਤੇ ਅਧਿਕਾਰ ਖੇਤਰ**

ਇਹਨਾਂ ਨਿਯਮ ਅਤੇ ਸ਼ਰਤਾਂ ਦੀ ਕਿਸੇ ਵੀ ਧਾਰਾ/ਵਾਂ ਨੂੰ ਕਿਸੇ ਅਦਾਲਤ ਜਾਂ ਫੋਰਮ/ਵਿਧਾਨਕ ਅਥੌਰਿਟੀ ਵੱਲੋਂ ਅਵੈਧ, ਗ਼ੈਰਕਾਨੂੰਨੀ ਜਾਂ ਲਾਗੂ ਨਾ ਹੋਣ ਯੋਗ ਐਲਾਨੇ ਜਾਣ ਦੀ ਸੂਰਤ ਵਿੱਚ, ਅਜਿਹੀ ਧਾਰਾ ਨੂੰ ਇਹਨਾਂ ਨਿਯਮ ਅਤੇ ਸ਼ਰਤਾਂ ਦੀਆਂ ਹੋਰ ਧਾਰਾਵਾਂ ਤੋਂ ਰੱਦ ਮੰਨਿਆ ਜਾਏਗਾ ਅਤੇ ਇਸਨੂੰ ਕੱਢਿਆ ਹੋਇਆ ਮੰਨਿਆ ਜਾਏਗਾ। ਅਜਿਹੀ ਧਾਰਾ ਦੇ ਅਵੈਧ, ਗ਼ੈਰਕਾਨੂੰਨੀ ਜਾਂ ਲਾਗੂ ਨਾ ਹੋਣ ਯੋਗ ਹੋਣ ਦਾ ਇਹਨਾਂ ਨਿਯਮ ਅਤੇ ਸ਼ਰਤਾਂ ਦੀਆਂ ਹੋਰ ਧਾਰਾਵਾਂ ਨੂੰ ਕਿਸੇ ਵੀ ਤਰ੍ਹਾਂ ਨਾਲ ਪ੍ਰਭਾਵਤ ਨਹੀਂ ਕਰੇਗਾ ਜਾਂ ਨੁਕਸਾਨ ਨਹੀਂ ਪਹੁੰਚਾਏਗਾ ਅਤੇ ਉਸ ਤੋਂ ਬਾਅਦ ਮੰਨਿਆ ਜਾਏਗਾ ਕਿ ਅਜਿਹੀਆਂ ਅਵੈਧ, ਗ਼ੈਰਕਾਨੂੰਨੀ ਜਾਂ ਲਾਗੂ ਨਾ ਹੋਣ ਵਾਲੀਆਂ ਧਾਰਾਵਾਂ ਕਦੇ ਸ਼ਾਮਲ ਨਹੀਂ ਸਨ। ਇਹਨਾਂ ਨਿਯਮ ਅਤੇ ਸ਼ਰਤਾਂ ਅਤੇ ਸੇਵਾ/ਵਾਂ ਦੇ ਪ੍ਰਬੰਧ ਦੇ ਸੰਬੰਧ ਵਿੱਚ ਪੈਦਾ ਹੋਣ ਜਾਂ ਸ਼ੁਰੂ ਹੋਣ ਵਾਲੇ ਵਿਵਾਦਾਂ, ਮਤਭੇਦਾਂ ਅਤੇ ਕਾਨੂੰਨੀ ਕਾਰਵਾਈਆਂ ਉਸ ਸ਼ਹਿਰ/ਕਸਬੇ ਜਿਸ ਵਿੱਚ TTL ਦਾ ਮੁੱਖ ਸਰਕਲ ਔਫਿਸ ਗਾਹਕ ਨੂੰ ਨਾਲ ਨੱਥੀ CAF ਦੀ ਪਾਲਣਾ ਵਿੱਚ ਕਨੈਕਸ਼ਨ ਮੁਹਈਆ ਕਰਦਾ ਹੈ ਵਿੱਚ ਸਥਿੱਤ ਅਦਾਲਤਾਂ ਵਿੱਚ ਨਿਪਟਾਰਾ ਹੋਏਗਾ।

**ix. ਪਰਿਸਰ ਦਾ ਤਬਾਦਲਾ**

**a) ਪੋਸਟਪੇਡ ਗਾਹਕਾਂ ਲਈ ਲਾਗੂ**

i. ਜਦੋਂ ਗਾਹਕ ਉਸੇ ਟੈਲੀਫੋਨ ਦੇ ਨਾਲ ਵੱਖਰੇ ਪਰਿਸਰ ਵਿੱਚ ਤਬਦੀਲ ਕਰਨਾ ਚਾਹੁੰਦਾ ਹੈ (ਉਹੀ ਗਾਹਕ)
- ਗਾਹਕ ਟਾਟਾ ਡੋਕੋਮੋ ਕੇਂਦਰ/ਦਫ਼ਤਰ ਵਿਖੇ ਦਸਤਾਵੇਜ਼ਾਂ ਦੇ ਨਾਲ ਤਬਾਦਲੇ ਲਈ ਸਰਵਿਸ ਰਿਕਵੈਸਟ ਫੌਰਮ (SRF) ਪਾਉਣ ਲਈ ਬੇਨਤੀ ਭੇਜਦਾ ਹੈ।
- ਪਤੇ ਦੀ ਸਹੀ ਤਸਦੀਕ ਹੋਣ 'ਤੇ, ਫੋਨ ਲਾਈਨ ਨਵੇਂ ਪਤੇ 'ਤੇ ਤਬਦੀਲੀ ਕਰ ਦਿੱਤੀ ਜਾਏਗੀ।

**x) ਤਰੀਕੇ ਜਿਹਨਾਂ ਰਾਹੀਂ ਗਾਹਕ ਆਪਣੀਆਂ ਸ਼ਿਕਾਇਤਾਂ ਦਰਜ ਕਰਾ ਸਕਦਾ/ਸਕਦੀ ਹੈ**

**a) ਪੋਸਟਪੇਡ**

i. ਕੱਲ ਸੈਂਟਰ – ਇੱਕ ਟੋਲ ਫ੍ਰੀ ਨੰਬਰ ਜੋ ਕਿ 198 ਹੈ, ਜਿੱਥੇ ਗਾਹਕ ਦਿਨ ਦੇ ਕਿਸੇ ਵੀ ਸਮੇਂ ਕੱਲ ਕਰ ਸਕਦਾ ਹੈ।ਗਾਹਕ ਸ਼ਿਕਾਇਤ ਦਰਜ ਕਰਾਏਗਾ ਅਤੇ ਕਸਟਮਰ ਕੇਅਰ ਗਾਹਕ ਨੂੰ ਇੱਕ ਵਿਸ਼ੇਸ਼ ਸ਼ਿਕਾਇਤ ਨੰਬਰ (ਡੌਕੇਟ ਨੰਬਰ) ਅਤੇ ਫੀਡਬੈਕ ਵੀ ਦੇਵੇਗਾ, ਜਿਸ ਸਮੇਂ ਸ਼ਿਕਾਇਤ ਦਾ ਹੱਲ ਹੋਇਆ, ਇਹ ਗ੍ਰਾਹਕ ਨੂੰ ਦਿਤਾ ਜਾਏਗਾ;
ii. ਈਮੇਲ – ਗਾਹਕ listen@tatadocomo.com 'ਤੇ ਆਪਣੀ ਸ਼ਿਕਾਇਤ ਈਮੇਲ ਕਰ ਸਕਦੇ ਹਨ ਅਤੇ ਉਹਨਾਂ ਨੂੰ ਇੱਕ ਵਿਸ਼ੇਸ਼ ਸ਼ਿਕਾਇਤ ਨੰਬਰ (ਡੌਕੇਟ ਨੰਬਰ) ਦਿੱਤਾ ਜਾਏਗਾ, ਜੋਕਿ ਸ਼ਿਕਾਇਤ ਪ੍ਰਾਪਤ ਹੋਣ ਦੇ 4 ਘੰਟੇ ਬਾਅਦ ਮੁਹਈਆ ਕੀਤਾ ਜਾਏਗਾ ਅਤੇ ਉਸ ਸਮੇਂ ਬਾਰੇ ਫੀਡਬੈਕ, ਜਿਸ ਅੰਦਰ ਸ਼ਿਕਾਇਤ ਹੱਲ ਹੋ ਜਾਏਗੀ ਵੀ ਗਾਹਕ ਨੂੰ ਮੁਹਈਆ ਕੀਤਾ ਜਾਏਗਾ;
iii. ਫੈਕਸ
iv. ਵੈਬਸਾਈਟ – www.tatadocomo.com
v. ਵੱਕ ਇਨ ਆਉਟਲੈਟਸ
ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੋਣ ਦੇ 7 ਦਿਨਾਂ ਅੰਦਰ ਹੱਲ ਕੀਤੀਆਂ ਜਾਣਗੀਆਂ। ਬਿਲਿੰਗ ਸੰਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਵਿੱਚ TRAI ਦੀਆਂ ਸੇਧਾਂ ਅਨੁਸਾਰ 6 ਹਫ਼ਤੇ ਤਕ ਦਾ ਸਮਾਂ ਲੱਗ ਸਕਦਾ ਹੈ।

**b) ਪ੍ਰੀਪੇਡ**

i. ਕੱਲ ਸੈਂਟਰ – ਗਾਹਕ ਟੋਲ ਫ੍ਰੀ ਨੰਬਰ ਜੋ ਕਿ 198 ਹੈ 'ਤੇ ਕਿਸੇ ਵੀ ਸਮੇਂ ਕਿਸੇ ਵੀ ਸ਼ਿਕਾਇਤ ਲਈ ਕੱਲ ਕਰ ਸਕਦਾ ਹੈ। ਸ਼ਿਕਾਇਤ ਦਰਜ ਕੀਤੀ ਜਾਂਦੀ ਹੈ ਅਤੇ ਜੇਕਰ ਇਹ ਇੱਕ ਜਾਇਜ਼ ਸ਼ਿਕਾਇਤ ਹੈ, ਤਾਂ ਸ਼ਿਕਾਇਤ ਨੰਬਰ ਜੈਨਰੇਟ ਕੀਤਾ ਜਾਂਦਾ ਹੈ (ਇਸਨੂੰ ਡੌਕੇਟ ਨੰਬਰ ਕਿਹਾ ਜਾਂਦਾ ਹੈ)। ਡੌਕੇਟ ਨੰਬਰ ਗਾਹਕ ਨੂੰ ਦਿੱਤਾ ਜਾਏਗਾ ਅਤੇ ਗਾਹਕ ਨੂੰ ਭੇਜੇ ਗਏ SLA ਅੰਦਰ ਫੀਡਬੈਕ ਵੀ ਮੁਹਈਆ ਕੀਤਾ ਜਾਏਗਾ;
ii. ਈਮੇਲ – ਗਾਹਕ listen@tatadocomo.com 'ਤੇ ਆਪਣੀ ਸ਼ਿਕਾਇਤ ਈਮੇਲ ਕਰ ਸਕਦੇ ਹਨ ਅਤੇ ਉਹਨਾਂ ਨੂੰ ਇੱਕ ਵਿਸ਼ੇਸ਼ ਸ਼ਿਕਾਇਤ ਨੰਬਰ (ਡੌਕੇਟ ਨੰਬਰ) ਦਿੱਤਾ ਜਾਏਗਾ, ਜੋਕਿ ਸ਼ਿਕਾਇਤ ਪ੍ਰਾਪਤ ਹੋਣ ਦੇ 4 ਘੰਟੇ ਬਾਅਦ ਮੁਹਈਆ ਕੀਤਾ ਜਾਏਗਾ ਅਤੇ ਉਸ ਸਮੇਂ ਬਾਰੇ ਫੀਡਬੈਕ, ਜਿਸ ਅੰਦਰ ਸ਼ਿਕਾਇਤ ਹੱਲ ਹੋ ਜਾਏਗੀ ਵੀ ਗਾਹਕ ਨੂੰ ਮੁਹਈਆ ਕੀਤਾ ਜਾਏਗਾ;
iii. ਫੈਕਸ
iv. ਵੈਬਸਾਈਟ – www.tatadocomo.com
v. ਵੱਕ ਇਨ ਆਉਟਲੈਟਸ

**xi) ਡਿਸਕਨੈਕਸ਼ਨ/ਸਮਾਪਤੀ**

**a) ਪੋਸਟਪੇਡ ਗਾਹਕ**

i. ਗਾਹਕ ਸੇਵਾ ਕੱਟਣ ਲਈ 121 'ਤੇ ਕੱਲ ਕਰ ਸਕਦੇ ਹਨ। ਆਪਣੀ ਅਰਜ਼ੀ ਈ ਮੇਲ, ਫੈਕਸ ਕਰ ਸਕਦੇ ਹਨ ਜਾਂ ਕਿਸੇ ਟਾਟਾ ਡੋਕੋਮੋ ਦਫ਼ਤਰ/ਆਉਟਲੈਟ ਵਿੱਚ ਜਮਾ ਕਰ ਸਕਦੇ ਹਨ:
ii. ਸਿਵਾ ਕੱਟਣ ਦੀ ਬੇਨਤੀ ਮਿਲਣ 'ਤੇ TTSL ਸਭ ਤੋਂ ਪਹਿਲਾਂ ਆਉਟਗੋਇੰਗ ਸੇਵਾ ਅਤੇ ਗਾਹਕ ਦਾ ਰੈਂਟਲ ਡਿਸੇਬਲ ਕਰੇਗੀ। ਇਹ ਕੰਮ ਬੇਨਤੀ ਮਿਲਣ ਮਗਰੋਂ TRAI ਦੇ ਨਿਰਦੇਸ਼ ਅਨੁਸਾਰ 7 ਦਿਨਾਂ ਅੰਦਰ (ਜੇਕਰ ਹੈਂਡਸੈਟ ਵਾਪਸ ਮਿਲ ਜਾਏ/ਸੌਂਪ ਦਿੱਤਾ ਜਾਏ) ਪੂਰਾ ਕੀਤਾ ਜਾਏਗਾ।
iii. ਗਾਹਕ ਲਈ ਰਿਫੰਡ (ਜੇਕਰ ਕੋਈ ਹੈ) ਲੈਣ ਦਾ ਕੁਲ ਸਮਾਂ ਦਿੱਤੀ ਗਈ ਬੇਨਤੀ ਨੂੰ ਰੱਦ ਕਰਨ ਤੋਂ 60 ਦਿਨਾਂ ਦਾ ਹੈ;
iv. ਰੱਦ ਕੀਤੇ ਜਾਣ ਮਗਰੋਂ ਡਿਪੌਜ਼ਿਟ ਰਿਫੰਡ ਤਾਂ ਹੀ ਲਾਗੂ ਹੁੰਦੇ ਹਨ ਜੇਕਰ :
- ਬਕਾਇਆ ਰਕਮਾਂ ਡਿਪੌਜ਼ਿਟ ਨਾਲੋਂ ਘੱਟ ਹਨ • ਗਾਹਕ EMI ਸਕੀਮ ਵਿੱਚ ਨਹੀਂ ਹੈ ਜਿੱਥੇ ਮਿਆਦ ਹਾਲਾਂ ਮੁਕੰਮਲ ਨਹੀਂ ਹੋਈ ਹੈ • ਕੋਈ ਹੋਰ ਉਪਕਰਣ, ਜੇਕਰ ਕੋਈ ਹੈ, ਮੁੜ ਪ੍ਰਾਪਤ ਕੀਤਾ ਗਿਆ ਹੈ • ਇੱਕ ਅਕਾਉਂਟ ਵਿੱਚ ਕੋਈ ਮਲਟੀਪਲ ਕਨੈਕਸ਼ਨ ਨਹੀਂ ਹਨ ਅਤੇ ਜੇਕਰ ਕੋਈ ਹਨ, ਤਾਂ ਡਿਪੌਜ਼ਿਟ ਅਕਾਉਂਟ ਦੇ ਮੁਕਾਬਲੇ ਸਮਾਯੋਜਿਤ ਕੀਤਾ ਜਾਏਗਾ।

TATA

## 6. ਐਕਟੀਵੇਸ਼ਨ ਪ੍ਰਕ੍ਰਿਆ

- ਸੰਭਾਵੀ ਗਾਹਕ ਟਾਟਾ ਡੋਕੋਮੋ ਵਾਇਸ ਜਾਂ ਡਾਟਾ ਕਨੈਕਸ਼ਨ ਖ਼ਰੀਦਣ ਲਈ ਬੇਨਤੀ ਕਰਦਾ ਹੈ।
- ਸੇਲਸ ਐਗਜ਼ੀਕਿਯੁਟਿਵ (ਪੁਆਇੰਟ ਔਫ ਸੇਲ – POS) ਗਾਹਕ ਨੂੰ ਡਿਜੀਟਲ CAF ਭਰਨ ਅਤੇ ਲੋੜੀਂਦੀ ਕਾਗਜ਼ੀ ਕਾਰਵਾਈ ਬਾਰੇ ਸੂਚਿਤ ਕਰੇਗਾ।
- ਸੇਲਸ ਐਗਜ਼ੀਕਿਯੁਟਿਵ (POS) ਗਾਹਕ ਨੂੰ ਟੈਲਿ ਵੇਰੀਫਿਕੇਸ਼ਨ ਪ੍ਰਕ੍ਰਿਆ ਮਗਰੋਂ ਐਕਟੀਵੇਸ਼ਨ ਮੁਕੰਮਲ ਹੋਣ ਬਾਰੇ ਸੂਚਿਤ ਕਰੇਗਾ।
- ਗਾਹਕ DOT ਦੀ ਪ੍ਰਵਾਨਤ ਸੂਚੀ ਅਨੁਸਾਰ ਪਛਾਣ ਅਤੇ ਪਤੇ ਦਾ ਅਸਲ ਪ੍ਰਮਾਣ ਲਿਜਾਏਗਾ।
- ਸੇਲਸ ਐਗਜ਼ੀਕਿਯੁਟਿਵ (POS) ਪੜਤਾਲ ਕਰੇਗਾ ਕਿ ਗਾਹਕ ਸਥਾਨਕ ਗਾਹਕ ਹੈ, ਬਾਹਰ ਦਾ ਹੈ (ਆਊਟ ਸਟੇਸ਼ਨਡ) ਜਾਂ ਵਿਦੇਸ਼ੀ ਨਾਗਰਿਕ ਹੈ।
- ਆਊਟ ਸਟੇਸ਼ਨਡ ਗਾਹਕ ਲਈ, ਸੇਲਸ ਐਗਜ਼ੀਕਿਯੁਟਿਵ (POS) ਸਥਾਨਕ ਹਵਾਲੇ ਦੀ ਮੁੜ ਤਸਦੀਕ ਕਰੇਗਾ ਅਤੇ ਸਥਾਨਕ ਹਵਾਲੇ ਤੋਂ ਤਸਦੀਕ ਦੇ ਸਹੀ ਪਾਏ ਜਾਣ ਮਗਰੋਂ, ਅੱਗੇ ਕਾਰਵਾਈ ਕਰੇਗਾ।
- ਸੇਲਸ ਐਗਜ਼ੀਕਿਯੁਟਿਵ ਗਾਹਕ ਦੀ ਡਿਜੀਟਲ CAF ਭਰਨ ਵਿੱਚ ਸਹਾਇਤਾ ਕਰੇਗਾ ਅਤੇ ਯਕੀਨੀ ਬਣਾਏਗਾ ਕਿ ਸਾਰੇ ਲਾਜ਼ਮੀ ਖੇਤਰ ਭਰੇ ਗਏ ਹਨ, CAF ਭਰਨ ਦਾ ਕੰਮ ਪੂਰਾ ਕੀਤਾ ਜਾਏਗਾ।
- ਡਿਜੀਟਲ CAF ਦੀ OTP ਤਸਦੀਕ ਦੇ ਅਮਲ ਦੇ ਅਧਾਰ 'ਤੇ ਗਾਹਕ ਅਤੇ POS ਦੁਆਰਾ ਵਾਜਬ ਪੁਸ਼ਟੀ ਕੀਤੀ ਜਾਏਗੀ।
- ਗਾਹਕ ਅਤੇ POS ਦੋਹਾਂ ਨੂੰ ਐਕਟੀਵੇਸ਼ਨ ਬੇਨਤੀ ਦੇ ਸਫਲਤਾ ਨਾਲ ਜਮ੍ਹਾਂ ਹੋਣ ਬਾਰੇ SMS ਪ੍ਰਾਪਤ ਹੋਏਗਾ।
- ਬੈਕਐਂਡ ਵੈਲਿਡੇਸ਼ਨ ਟੀਮ ਦੁਆਰਾ ਡਿਜੀਟਲ CAF ਦਾ ਔਡਿਟ ਕੀਤਾ ਜਾਏਗਾ। ਸਿਰਫ ਸਫਲ ਪ੍ਰਮਾਣਕਤਾ ਵਾਲੇ ਕੇਸਾਂ ਨੂੰ ਹੀ ਅੰਤਮ ਐਕਟੀਵੇਸ਼ਨ ਅਮਲ ਲਈ ਅੱਗੇ ਭੇਜਿਆ ਜਾਏਗਾ।
- ਆਊਟ ਸਟੇਸ਼ਨਡ/ਵਿਦੇਸ਼ੀ ਸੈਲਾਨੀਆਂ ਸਥਾਨਕ ਹਵਾਲੇ (LR) ਲਈ ਤਸਦੀਕ TTL ਦੁਆਰਾ ਕੀਤੀ ਜਾਏਗੀ।
- ਡੀ-ਡਿਯੂਪਿੰਗ (ਇੱਕੋ ਨਾਂਅ ਵਿੱਚ ਬਲਕ ਕਨੈਕਸ਼ਨ ਪਾਏ ਜਾਣ 'ਤੇ) ਕੀਤੀ ਜਾਏਗੀ।
- ਬਲਕ ਕਨੈਕਸ਼ਨ ਦੀ ਸਿਰਫ ਕੰਪਨੀ/ਸੰਸਥਾ ਦੇ ਨਾਂਅ 'ਤੇ ਆਗਿਆ ਦਿੱਤੀ ਜਾਂਦੀ ਹੈ।
- ਨੌਨ ਬਲਕ ਕੇਸ ਟੈਲਿਵੇਰਿਫਿਕੇਸ਼ਨ ਲਈ ਹੌਟ-ਲਾਈਨਡ ਕੀਤੇ ਜਾਣਗੇ। ਵੌਈਸ ਲਈ, ਗਾਹਕ ਨੂੰ ਐਪਲਾਈਪਡ ਕਨੈਕਸ਼ਨ ਤੋਂ 59059 'ਤੇ ਆਊਟਗੋਇੰਗ ਕੌਲ ਕਰਨੀ ਹੋਏਗੀ ਅਤੇ ਡਾਟਾ ਲਈ, ਗਾਹਕ ਰਜਿਸਟਰਡ ਵਿਕਲਪਕ ਨੰਬਰ ਤੋਂ 18002085959 'ਤੇ ਕੌਲ ਕਰੇਗਾ ਅਤੇ ਕੌਲ ਵੇਰਿਫਿਕੇਸ਼ਨ ਡੈਸਕ ਨੂੰ ਰੂਟ ਕੀਤੀ ਜਾਏਗੀ (ਕੋਈ ਹੋਰ ਕੌਲ/SMS ਦੀ ਆਗਿਆ ਨਹੀਂ ਹੈ)।
- ਜਿਸ ਗਾਹਕ ਨੇ ਕਨੈਕਸ਼ਨ ਲਈ ਅਰਜ਼ੀ ਦਿੱਤੀ ਹੈ ਸਿਰਫ ਉਸਨੂੰ ਹੀ TRAI ਦੇ ਆਦੇਸ਼ ਅਨੁਸਾਰ ਟੈਲਿ-ਵੇਰਿਫਿਕੇਸ਼ਨ ਕਰਨ ਦਾ ਅਧਿਕਾਰ ਹੋਏਗਾ।
- ਸਹੀ ਟੈਲਿਵੇਰਿਫਿਕੇਸ਼ਨ ਮਗਰੋਂ, ਐਕਟੀਵੇਸ਼ਨ ਕੀਤੀ ਜਾਏਗੀ।
- ਬਲਕ ਕੇਸ ਦੀ ਫੀਲਡ ਵੇਰਿਫਿਕੇਸ਼ਨ ਲਈ ਵੰਡ ਕੀਤੀ ਜਾਏਗੀ। ਸਹੀ ਫੀਲਡ ਵੇਰਿਫਿਕੇਸ਼ਨ ਮਗਰੋਂ, ਨੰਬਰ ਟੈਲਿਵੇਰਿ-ਫਕੇਸ਼ਨ ਲਈ ਹੌਟ-ਲਾਈਨਡ ਕੀਤਾ ਜਾਏਗਾ। ਗਾਹਕ ਨੂੰ ਐਪਲਾਈਪਡ ਕਨੈਕਸ਼ਨ ਤੋਂ 59059 'ਤੇ ਆਊਟਗੋਇੰਗ ਕੌਲ ਕਰਨੀ ਹੋਏਗੀ ਅਤੇ ਡਾਟਾ ਲਈ, ਗਾਹਕ ਰਜਿਸਟਰਡ ਵਿਕਲਪਕ ਨੰਬਰ ਤੋਂ 18002085959 'ਤੇ ਕੌਲ ਕਰੇਗਾ ਅਤੇ ਕੌਲ ਵੇਰਿਫਿਕੇਸ਼ਨ ਡੈਸਕ ਨੂੰ ਰੂਟ ਕੀਤੀ ਜਾਏਗੀ (ਕੋਈ ਹੋਰ ਕੌਲ/SMS ਦੀ ਆਗਿਆ ਨਹੀਂ ਹੈ)।
- ਸਹੀ ਟੈਲਿਵੇਰਿਫਿਕੇਸ਼ਨ ਮਗਰੋਂ, ਐਕਟੀਵੇਸ਼ਨ ਕੀਤੀ ਜਾਏਗੀ।
- ਵਿਦੇਸ਼ੀ ਸੈਲਾਨੀ ਗਾਹਕ ਲਈ, ਕਨੈਕਸ਼ਨ ਵੀਜ਼ਾ ਦੀ ਮਿਆਦ ਪੁੱਗਣ ਮਗਰੋਂ ਵੈਧ ਨਹੀਂ ਹੋਏਗਾ ਅਤੇ ਜੇ ਵੀਜ਼ਾ 3 ਮਹੀਨੇ ਤੋਂ ਬਾਅਦ ਵੀ ਵੈਧ ਹੈ ਤਾਂ ਵੀ ਇਹ 3 ਮਹੀਨੇ ਤੋਂ ਵੱਧ ਸਮੇਂ ਤਕ ਨਹੀਂ ਚਲੇਗਾ।
- ਵਿਦੇਸ਼ੀਆਂ ਲਈ, ਕਨੈਕਸ਼ਨ ਵੀਜ਼ਾ ਦੀ ਵੈਧਤਾ ਤਕ ਵੈਧ ਬਣਿਆ ਰਹੇਗਾ।
- ਰਿਟੇਲ ਗਾਹਕ ਕਿਸੇ ਅਨਰਜਿਸਟਰਡ ਟੈਲਿਮਾਰਕੇਟਿੰਗ ਲਇ. ਆਪਣੇ ਨੰਬਰ ਦੀ ਵਰਤੋਂ ਨਹੀਂ ਕਰ ਸਕਦਾ (ਕੌਲ ਬੇਸਿਸ ਅਤੇ SMS ਬੇਸਿਸ)। TTL ਨੂੰ ਬਿਨਾ ਅਗਾਊਂ ਸੂਚਨਾ ਦੇ ਅਜਿਹੇ ਗਾਹਕਾਂ ਨੂੰ ਡਿਸਕਨੈਕਟ ਕਰਨ ਦਾ ਅਧਿਕਾਰ ਹੈ।
- ਅਨਰਜਿਸਟਰਡ TM ਦੇ ਇੱਕੋ ਨਾਂਅ ਦੇ ਕਨੈਕਸ਼ਨ TRAI ਦੇ ਆਦੇਸ਼ ਅਨੁਸਾਰ ਕੱਟੇ ਜਾਣਗੇ।
- ਕੋਈ ਵੀ ਈਕਾਈ (ਵਰਤੋਂਕਾਰ/ਸੰਸਥਾ) ਜਿਸਦੀ ਅਨਰਜਿਸਟਰਡ ਟੈਲਿਮਾਰਕੇਟਿੰਗ ਗਤੀਵਿਧੀ ਕਰਨ ਲਈ ਸ਼ਨਾਖਤ ਹੁੰਦੀ ਹੈ, ਨੇਮਬੰਧਕ ਦੀ ਬੇਨਤੀ ਅਨੁਸਾਰ ਡਿਸਕਨੈਕਸ਼ਨ ਲਈ ਜ਼ਿੰਮੇਵਾਰ ਹੋਏਗੀ।



## 7. ਵੱਖ ਵੱਖ ਸੇਵਾਵਾਂ ਦੇ ਸੰਬੰਧ ਵਿੱਚ ਔਫਰ ਕੀਤੇ ਉਪਕਰਣ ਸੰਬੰਧੀ ਵੇਰਵੇ

TATA

TTL ਦੂਰਸੰਚਾਰ ਸਰਵਿਸ ਪ੍ਰੋਵਾਇਡਰ ਹੁੰਦੇ ਹੋਏ ਬਹੁਤ ਸੀਮਿਤ ਹੈਂਡਸੈਟ ਬੰਡਲਡ ਔਫਰਾਂ ਵਜੋਂ ਔਫਰ ਕਰਦਾ ਹੈ, PCO ਇਕਵੀਪਮੈਂਟ ਜਾਂ ਡਾਟਾ ਡੌਂਗਲ, ਜਿਹਨਾਂ ਦੇ ਵੇਰਵੇ ਸਾਡੀ ਵੈਬਸਾਈਟ tatadocomo.com 'ਤੇ ਉਪਲਬਧ ਹਨ। ਬਹੁਤੇ ਕੇਸਾਂ ਵਿੱਚ, ਸਾਡੇ ਸਬਸਕ੍ਰਾਈਬਰ ਖੁੱਲ੍ਹੇ ਬਜ਼ਾਰ ਤੋਂ ਹੈਂਡਸੈਟ ਜਾਂ ਹੋਰ ਉਪਕਰਣ ਖ਼ਰੀਦਣ ਲਈ ਸੁਤੰਤਰ ਹਨ।

## 8. ਵੱਖ ਵੱਖ ਸੇਵਾਵਾਂ ਲਈ TRAI ਦੁਆਰਾ ਤੈਅ ਕੀਤੇ ਅਨੁਸਾਰ ਸਰਵਿਸ ਮਾਪਦੰਡਾਂ ਦੀ ਕੁਆਲਿਟੀ

**ਬ੍ਰੌਡਬੈਂਡ:**

| ਮਾਪਦੰਡ | ਤਲਚਿੰਨ੍ਹ |
|---|---|
| ਸਰਵਿਸ ਪ੍ਰੋਵਿਜ਼ਨਿੰਗ/ਐਕਟੀਵੇਸ਼ਨ ਟਾਈਮ | 100% 15 ਕੰਮਕਾਜੀ ਦਿਨ ਅੰਦਰ |
| ਅਗਲੇ ਕੰਮਕਾਜੀ ਦਿਨ ਤਕ % ਨੁਕਸ ਦੀ ਮੁਰੰਮਤ | > 90% |
| 3 ਕੰਮਕਾਜੀ ਦਿਨਾਂ ਅੰਦਰ % ਨੁਕਸ ਦੀ ਮੁਰੰਮਤ | > 99% |
| % ਬਿਲ ਵਿਵਾਦਗ੍ਰਸਤ (ਬਿਲਿੰਗ ਸ਼ਿਕਾਇਤਾਂ) | <2% |
| % ਬਿਲਿੰਗ ਸ਼ਿਕਾਇਤਾਂ ਦਾ ਸਮਾਧਾਨ | 100% 4 ਹਫ਼ਤਿਆਂ ਅੰਦਰ |
| ਕਲੋਜ਼ਰ ਮਗਰੋਂ ਰਿਫੰਡ ਲਈ ਲਿਆ ਗਿਆ ਸਮਾਂ | 100% 60 ਹਫ਼ਤਿਆਂ ਅੰਦਰ |
| % ਕੌਲਸ ਦਾ 60 ਸੈਕਿੰਡ ਅੰਦਰ ਔਪਰੇਟਰਸ ਦੁਆਰਾ (ਵੌਇਸ ਟੂ ਵੌਇਸ) ਜਵਾਬ ਦਿੱਤਾ ਗਿਆ | >60% |
| % ਕੌਲਸ ਦਾ 90 ਸੈਕਿੰਡ ਅੰਦਰ ਔਪਰੇਟਰਸ ਦੁਆਰਾ (ਵੌਇਸ ਟੂ ਵੌਇਸ) ਜਵਾਬ ਦਿੱਤਾ ਗਿਆ | >80% |
| % ਸਰਵਿਸ ਉਪਲਬਧਤਾ/ਅਪਟਾਈਮ (ਸਾਰੇ ਵਰਤੋਂਕਾਰਾਂ ਲਈ) | >98% |
| ਪੈਕੇਟ ਲੌਸ (ਵਾਇਰਡ ਬ੍ਰੌਡਬੈਂਡ ਪਹੁੰਚ ਲਈ) % ਵਿੱਚ | <1% |
| POP/ISP ਗੇਟਵੇਅ ਨੋਡ 'ਤੇ IGSP/NIXI ਲਈ ਯੂਜ਼ਰ ਰੈਫਰੈਂਸ ਪੁਆਇੰਟ | <120 msec |
| ISP ਗੇਟਵੇਅ ਨੋਡ ਤੋਂ ਅੰਤਰਰਾਸ਼ਟਰੀ ਨਜ਼ਦੀਕੀ NAP ਪੋਰਟ ਐਬ੍ਰਾਡ ਲਈ ਯੂਜ਼ਰ ਰੈਫਰੈਂਸ ਪੁਆਇੰਟ (ਜ਼ਮੀਨੀ) | <350 msec |
| ISP ਗੇਟਵੇਅ ਨੋਡ ਤੋਂ ਅੰਤਰਰਾਸ਼ਟਰੀ ਨਜ਼ਦੀਕੀ NAP ਪੋਰਟ ਐਬ੍ਰਾਡ ਲਈ ਯੂਜ਼ਰ ਰੈਫਰੈਂਸ ਪੁਆਇੰਟ (ਸੈਟੇਲਾਈਟ) | <800 msec |

ਵਾਇਰਲਾਈਨ

| ਮਾਪਦੰਡ | ਤਲਚਿੰਨ੍ਹ |
|---|---|
| ਨੁਕਸ ਦੀਆਂ ਘਟਨਾਵਾਂ (ਨੁਕਸ ਦੀ ਸੰਖਿਆ/100 ਸਬਸ/ਮਹੀਨਾ) | <7 |
| ਅਗਲੇ ਕੰਮਕਾਜੀ ਦਿਨ ਤਕ % ਨੁਕਸ ਦੀ ਮੁਰੰਮਤ (ਸ਼ਹਿਰੀ ਇਲਾਕਿਆਂ ਲਈ) | ≥ 85% |
| ਅਗਲੇ ਕੰਮਕਾਜੀ ਦਿਨ ਤਕ % ਨੁਕਸ ਦੀ ਮੁਰੰਮਤ (ਦੇਹਾਤੀ ਅਤੇ ਪਹਾੜੀ ਇਲਾਕਿਆਂ ਲਈ) | ≥ 75% |
| 5 ਦਿਨਾਂ ਅੰਦਰ % ਨੁਕਸ ਦੀ ਮੁਰੰਮਤ (ਸ਼ਹਿਰੀ ਇਲਾਕਿਆਂ ਲਈ) | 100% |
| 7 ਦਿਨਾਂ ਅੰਦਰ % ਨੁਕਸ ਦੀ ਮੁਰੰਮਤ (ਦੇਹਾਤੀ ਅਤੇ ਪਹਾੜੀ ਇਲਾਕਿਆਂ ਲਈ) | 100% |
| ਮੁਰੰਮਤ ਲਈ ਮੀਨ ਟਾਈਮ (MTTR) | ≤ 10 hrs |
| ਪੁਆਇੰਟ ਔਫ ਇੰਟਰਕਨੈਕਸ਼ਨ (POI) ਕੰਜੈਸ਼ਨ (POI ਦੀ ਸੰਖਿਆ ਤਲਚਿੰਨ੍ਹ ਨੂੰ ਪੂਰਾ ਨਹੀਂ ਕਰ ਰਹੀ) | ≤ 0.5% |
| ਮੀਟਰਿੰਗ ਅਤੇ ਬਿਲਿੰਗ ਭਰੋਸੇਯੋਗਤਾ – ਪੋਸਟਪੇਡ | <0.1% |
| ਮੀਟਰਿੰਗ ਅਤੇ ਬਿਲਿੰਗ ਭਰੋਸੇਯੋਗਤਾ – ਪ੍ਰੀਪੇਡ | <0.1% |
| ਬਿਲਿੰਗ/ਚਾਰਜਿੰਗ/ਵੈਧਤਾ ਸ਼ਿਕਾਇਤਾਂ ਦਾ ਨਿਪਟਾਰਾ | ≥98% 4 ਹਫ਼ਤੇ ਅੰਦਰ<br>100% 6 ਹਫ਼ਤੇ ਅੰਦਰ |
| ਸ਼ਿਕਾਇਤਾਂ ਦੇ ਹੱਲ ਦੀ ਤਰੀਕ ਤੋਂ ਗਾਹਕ ਦੇ ਅਕਾਊਂਟ ਲਈ ਕ੍ਰੈਡਿਟ/ਛੋਟ/ਐਡਜਸਟਮੈਂਟ ਲਾਗੂ ਕਰਨ ਦਾ ਸਮਾਂ | ਸ਼ਿਕਾਇਤ ਦੇ ਹੱਲ ਦੇ 1 ਹਫ਼ਤੇ ਅੰਦਰ 100% |
| ਕੌਲ ਸੈਂਟਰ/ਕਸਟਮਰ ਕੇਅਰ ਦੀ ਪਹੁੰਚਯੋਗਤਾ | ≥95% |
| % ਕੌਲਸ ਦਾ 90 ਸੈਕਿੰਡ ਅੰਦਰ ਔਪਰੇਟਰਸ ਦੁਆਰਾ (ਵੌਇਸ ਟੂ ਵੌਇਸ) ਜਵਾਬ ਦਿੱਤਾ ਗਿਆ | ≥95% |
| % ਬੇਨਤੀਆਂ ਦੀ ਸਰਵਿਸ ਦੀ ਸਮਾਪਤੀ/ਕਲੋਜ਼ਰ ਲਈ 7 ਦਿਨਾਂ ਅੰਦਰ ਪਾਲਣਾ | 7 ਦਿਨਾਂ ਅੰਦਰ 100% |
| ਕਲੋਜ਼ਰ ਮਗਰੋਂ ਡਿਪੌਜ਼ਿਟਸ ਦੇ ਰਿਫੰਡ ਲਈ ਲਿਆ ਗਿਆ ਸਮਾਂ | 60 ਦਿਨਾਂ ਅੰਦਰ 100% |

## ਵਾਇਰਲੈਸ

| ਮਾਪਦੰਡ | ਤਲਚਿੰਨ੍ਹ |
|---|---|
| ਮੀਟਰਿੰਗ ਅਤੇ ਬਿਲਿੰਗ ਭਰੋਸੇਯੋਗਤਾ – ਪੋਸਟਪੇਡ | <0.1% |
| ਮੀਟਰਿੰਗ ਅਤੇ ਬਿਲਿੰਗ ਭਰੋਸੇਯੋਗਤਾ – ਪ੍ਰੀਪੇਡ | <0.1% |
| ਬਿਲਿੰਗ/ਚਾਰਜਿੰਗ/ਵੈਧਤਾ ਸ਼ਿਕਾਇਤਾਂ ਦਾ ਨਿਪਟਾਰਾ | 4 ਹਫ਼ਤਿਆਂ ਅੰਦਰ >98%<br>6 ਹਫ਼ਤਿਆਂ ਅੰਦਰ 100% |
| ਸ਼ਿਕਾਇਤਾਂ ਦੇ ਹੱਲ ਦੀ ਤਰੀਕ ਤੋਂ ਗਾਹਕ ਦੇ ਅਕਾਊਂਟ ਲਈ ਕ੍ਰੈਡਿਟ/ਛੋਟ/ਐਡਜਸਟਮੈਂਟ ਲਾਗੂ ਕਰਨ ਦਾ ਸਮਾਂ | ਸ਼ਿਕਾਇਤ ਦੇ ਹੱਲ ਦੇ 1 ਹਫ਼ਤੇ ਅੰਦਰ 100% |
| ਕੱਲ ਸੈਂਟਰ/ਕਸਟਮਰ ਕੇਅਰ ਦੀ ਪਹੁੰਚਯੋਗਤਾ | ≥95% |
| % ਕੱਲਸ ਦਾ 90 ਸੈਕਿੰਡ ਅੰਦਰ ਅੱਪਰੇਟਰਸ ਦੁਆਰਾ (ਵੱਇਸ ਟੂ ਵੱਇਸ) ਜਵਾਬ ਦਿੱਤਾ ਗਿਆ | ≥95% |
| % ਬੇਨਤੀਆਂ ਦੀ ਸਰਵਿਸ ਦੀ ਸਮਾਪਤੀ/ਕਲੋਜ਼ਰ ਲਈ 7 ਦਿਨਾਂ ਅੰਦਰ ਪਾਲਣਾ | 7 ਦਿਨਾਂ ਅੰਦਰ 100% |
| ਕਲੋਜ਼ਰ ਮਗਰੋਂ ਡਿਪੱਜ਼ਿਟਸ ਦੇ ਰਿਫੰਡ ਲਈ ਲਿਆ ਗਿਆ ਸਮਾਂ | 60 ਦਿਨਾਂ ਅੰਦਰ 100% |

ਹਾਲਾਂਕਿ TTL ਨਿਸ਼ਚਿਤ ਕੀਤੇ ਤਲਚਿੰਨ੍ਹ ਪੂਰੇ ਕਰਨ ਦੀ ਕੋਸ਼ਿਸ਼ ਕਰੇਗਾ ਪਰ ਤਕਨੀਕੀ/ਵਿਹਾਰਕ ਕਾਰਨਾਂ ਕਰਕੇ, ਇਹ ਭਿੰਨ ਹੋ ਸਕਦੇ ਹਨ, ਜਿਹਨਾਂ ਬਾਰੇ ਨੇਮਬੰਧਕ ਨੂੰ ਸੂਚਨਾ ਦਿੱਤੀ ਜਾਏਗੀ।

## 9. TRAI ਦੇ ਨੇਮਾਂ ਤਹਿਤ ਖਪਤਕਾਰ ਦੇ ਅਧਿਕਾਰ

- ਲਾਈਫਟਾਈਮ ਵੈਧਤਾ ਪਲਾਨ ਸੰਬੰਧਤ ਸਰਵਿਸ ਏਰੀਆਂ ਵਿੱਚ UAS ਲਾਇਸੈਂਸ ਦੀ ਅਵਧੀ ਤਕ ਵੈਧ ਹਨ।
- ਅਸੀਂ ਕੱਲ ਸੈਂਟਰ ਵਿੱਚ ਗਾਹਕ ਦੀ ਸ਼ਿਕਾਇਤ ਰਜਿਸਟਰ ਹੋਣ ਦੇ 3 ਦਿਨਾਂ ਅੰਦਰ ਕਾਰਵਾਈ ਕਰਾਂਗੇ।
- ਅਪੀਲੀ ਅਥੱਾਰਿਟੀ ਨੂੰ ਭੇਜੀਆਂ ਗਈਆਂ ਸ਼ਿਕਾਇਤਾਂ ਸਾਡੇ ਸ਼ਿਕਾਇਤ ਕੇਂਦਰ 'ਤੇ ਰਜਿਸਟ੍ਰੇਸ਼ਨ ਦੀ ਤਰੀਕ ਤੋਂ ਬਾਅਦ ਵੱਧ ਤੋਂ ਵੱਧ 39 ਦਿਨਾਂ ਅੰਦਰ ਹੱਲ ਕੀਤੀਆਂ ਜਾਣਗੀਆਂ।
- ਸਾਰੀਆਂ ਵੈਲਿਯੂ ਐਡਿਡ ਸਰਵਿਸਿਜ਼ ਵਿਕਲਪਕ ਹਨ ਅਤੇ ਇਹ ਗਾਹਕ ਤੋਂ ਸਪਸ਼ਟ ਸਹਿਮਤੀ ਲੈਣ ਮਗਰੋਂ ਹੀ ਐਕਟੀਵੇਟ ਕੀਤੀਆਂ ਜਾਣਗੀਆਂ।
- ਪੋਸਟਪੇਡ ਸਬਸਕ੍ਰਾਈਬਰਸ ਲਈ, ਸਾਰੇ ਸਿਕਯੋਰਿਟੀ ਡਿਪੱਜ਼ਿਟ ਫੋਨ ਕਨੈਕਸ਼ਨ ਦੀ ਸਮਾਪਤੀ ਲਈ ਬੇਨਤੀ ਦੀ ਤਰੀਕ ਤੋਂ 60 ਦਿਨਾਂ ਅੰਦਰ ਵਾਪਸ ਕੀਤੇ ਜਾਣਗੇ।, ਜੋ ਕਿ ਸਾਰੀਆਂ ਬਕਾਇਆ ਰਕਮਾਂ ਦੇ ਭੁਗਤਾਨ 'ਤੇ ਨਿਰਭਰ ਕਰਦਾ ਹੈ।
- ਪੋਸਟਪੇਡ ਸਬਸਕ੍ਰਾਈਬਰਸ ਨੂੰ ਉਹਨਾਂ ਦੀ ਕ੍ਰੈਡਿਟ ਸੀਮਾ ਬਾਰੇ ਅਗਾਊਂ ਸੂਚਨਾ ਦਿੱਤੀ ਜਾਏਗੀ। ਪੋਸਟਪੇਡ ਸਬਸਕ੍ਰਾਈਬਰ ਆਪਣੀ ਯੂਜ਼ੇਜ਼ ਉਹਨਾਂ ਦੀ ਕ੍ਰੈਡਿਟ ਸੀਮਾ ਤੋਂ ਪਾਰ ਹੋਣ ਤੋਂ ਬਚਾਉਣ ਲਈ ਅੰਤਰਿਮ ਭੁਗਤਾਨ ਕਰ ਸਕਦੇ ਹਨ।
- ਪ੍ਰੀਪੇਡ ਸਬਸਕ੍ਰਾਈਬਰਸ ਨੂੰ ਉਹਨਾਂ ਦੀ ਵੈਧਤਾ ਦੀ ਮਿਆਦ ਦੌਰਾਨ ਇਨਕਮਿੰਗ ਕੱਲਸ ਮਿਲਦੀਆਂ ਰਹਿਣਗੀਆਂ ਜੋ ਕਿ ਰੀਚਾਰਜ ਸ਼ਰਤਾਂ 'ਤੇ ਨਿਰਭਰ ਕਰਦਾ ਹੈ।
- CLIP ਸੁਵਿਧਾ ਸਾਰੇ ਸਬਸਕ੍ਰਾਈਬਰ ਲਈ ਵਿਕਲਪਕ ਹੈ।
- ਕੋਰ ਅਕਾਊਂਟ ਵਿੱਚ ਅਣਵਰਤਿਆ ਪ੍ਰੀਪੇਡ ਬੈਲੈਂਸ ਅੱਗੇ ਸ਼ਾਮਲ ਕੀਤਾ ਜਾਏਗਾ ਜੇਕਰ ਨਿਸ਼ਚਿਤ ਵੈਧਤਾ/ਗ੍ਰੇਸ ਪੀਰੀਅਡ ਅੰਦਰ ਰੀਚਾਰਜ ਕੀਤਾ ਜਾਦਾ ਹੈ 3G ਈ-ਸਟਿਕ ਤੋਂ ਛੁੱਟ।
- ਬਲੈਕ-ਆਉਟ ਦਿਨਾਂ (BOD) 'ਤੇ ਕੋਈ ਫ੍ਰੀ/ਰਿਆਇਤੀ SMS ਉਪਲਬਧ ਨਹੀਂ ਹੋਏਗਾ। ਇੱਕ ਦਿੱਤੇ ਸਰਕਲ ਵਿੱਚ ਵੱਧ ਤੋਂ ਵੱਧ 5 ਤੈਅ ਬਲੈਕ ਆਉਟ ਦਿਨ ਹੋਣਗੇ। BOD ਬਾਰੇ ਮੁਕੰਮਲ ਜਾਣਕਾਰੀ ਸਾਡੀ ਵੈਬਸਾਈਟ 'ਤੇ ਉਪਲਬਧ ਹੈ। ਸਬਸਕ੍ਰਾਈਬਰ ਕਿਸੇ ਵੀ ਸਮੇਂ ਇੱਕ ਟੈਰਿਫ ਪਲਾਨ ਤੋਂ ਦੂਜੇ ਲਈ ਤਬਦੀਲ ਕਰ ਸਕਦਾ ਹੈ।



- ਗਾਹਕ ਕਦੇ ਵੀ ਆਪਣਾ ਟੈਰਿਫ ਪਲਾਨ ਬਦਲ ਕੇ ਨਵਾਂ ਪਲਾਨ ਲੈ ਸਕਦਾ ਹੈ ਬਸ਼ਰਤੇ ਉਪਲਬਧ ਹੋਏ।
- ਸਬਸਕ੍ਰਾਈਬਰ ਸਾਰੀਆਂ ਰਜਿਸਟਰਡ ਸ਼ਿਕਾਇਤਾਂ ਲਈ ਵਿਸ਼ੇਸ਼ ਡੱਕੇਟ ਨੰਬਰ ਪ੍ਰਾਪਤ ਕਰੇਗਾ।
- ਟੈਰਿਫ ਪਲਾਨ ਬਾਰੇ ਮੁਕੰਮਲ ਵੇਰਵੇ ਐਕਟੀਵੇਸ਼ਨ 'ਤੇ ਜਾਂ ਐਕਟੀਵੇਸ਼ਨ ਦੇ 7 ਦਿਨਾਂ ਅੰਦਰ ਮੁਹਈਆ ਕੀਤੇ ਜਾਣਗੇ।
- ਸ਼ਿਕਾਇਤ ਕੇਂਦਰ ਤੋਂ ਤੱਸਲੀਬਖ਼ਸ਼ ਸਮਾਧਾਨ ਨਾ ਮਿਲਣ ਜਾਂ ਦਿੱਤੀ ਗਈ ਸਮੇਂ ਸੀਮਾ ਅੰਦਰ ਸ਼ਿਕਾਇਤ ਦਾ ਨਿਪਟਾਰਾ ਨਾ ਹੋਣ 'ਤੇ ਗਾਹਕ ਅਪੀਲੀ ਅਧਿਕਾਰੀ ਕੋਲ ਸੰਪਰਕ ਕਰ ਸਕਦੇ ਹਨ।
- ਅਪੀਲੀ ਅਥੱਾਰਿਟੀ ਬਾਰੇ ਵੇਰਵੇ ਗਾਹਕ ਦੀ ਬੇਨਤੀ 'ਤੇ ਸੰਪਰਕ ਕੇਂਦਰ ਅਧਿਕਾਰੀ ਦੁਆਰਾ ਮੁਹਈਆ ਕੀਤੇ ਜਾਣਗੇ।
- ਗਾਹਕ ਆਪਣੀ ਸੁਵਿਧਾ ਅਨੁਸਾਰ ਸਾਡੀ ਸੇਵਾ ਸਮਾਪਤ ਜਾਂ ਡਿਸਕਨੈਕਟ ਕਰ ਸਕਦਾ/ਸਕਦੀ ਹੈ।ਬਿਲਾਂ ਦੀ ਜਾਂਚ ਕੀਤੀ ਜਾਂਦੀ ਹੈ, ਰਾਜੀਨਾਮਾ ਕੀਤਾ ਜਾਂਦਾ ਹੈ ਅਤੇ ਉਸਦੇ ਸਿਕਯੋਰਿਟੀ ਡਿਪੱਜ਼ਿਟ ਤੋਂ, ਸਾਰੀਆਂ ਬਕਾਇਆ ਰਕਮਾਂ ਦੀ ਅਦਾਇਗੀ ਮਗਰੋਂ ਜੇਕਰ ਕੋਈ ਰਕਮ ਬਚਦੀ ਹੈ, ਤਾਂ ਗਾਹਕ ਨੂੰ ਵਾਪਸ ਕੀਤੀ ਜਾਏਗੀ। ਇਸ ਪ੍ਰਕ੍ਰਿਆ ਵਿੱਚ ਡਿਸਕਨੈਕਸ਼ਨ ਦੀ ਤਰੀਕ ਤੋਂ ਵੱਧ ਤੋਂ ਵੱਧ 60 ਦਿਨਾਂ ਦਾ ਸਮਾਂ ਲੱਗੇਗਾ।
- ਗਾਹਕ ਸਾਨੂੰ ਲਿਖਤੀ ਅਰਜ਼ੀ, ਫੈਕਸ, ਈਮੇਲ ਜਾਂ ਟੈਲੀਫੋਨ ਕੱਲ ਕਰਕੇ ਸੇਵਾਵਾਂ ਖਤਮ ਕਰ ਸਕਦੇ ਹਨ। ਸੇਵਾ ਦੀ ਸਮਾਪਤੀ ਗਾਹਕ ਦੇ ਪਰਿਸਰ ਵਿੱਚ ਲੱਗੇ ਸਾਡੇ ਇਕਵੀਪਮੈਂਟ ਦੀ ਵਾਪਸੀ ਜਾਂ ਰਿਕਵਰੀ 'ਤੇ ਨਿਰਭਰ ਕਰਦੀ ਹੈ।
- ਤੁਹਾਡੇ ਫੋਨ 'ਤੇ ਅਣਚਾਹੀ ਕਮਿਯੁਨਿਕੇਸ਼ਨ ਨੂੰ ਰੋਕਣ ਵਿੱਚ ਤੁਹਾਡੀ ਮਦਦ ਕਰਨ ਲਏ, ਅਸੀਂ ਡੂ ਨੱਟ ਡਿਸਟਰਬ ਪ੍ਰਕ੍ਰਿਆ ਸ਼ੁਰੂ ਕੀਤੀ ਹੈ। ਤੁਸੀਂ ਸਾਨੂੰ 1909 'ਤੇ ਕੱਲ ਕਰਕੇ ਜਾਂ 1909 'ਤੇ "START <Preference>" ਕੀ-ਵਰਡਸ ਨਾਲ SMS ਕਰਕੇ ਇਸ ਸੁਵਿਧਾ ਲਈ ਆਪਣਾ ਨੰਬਰ ਸੂਚੀਬੱਧ ਕਰ ਸਕਦੇ ਹੋ।

TATA

## 10. ਆਮ ਜਾਣਕਾਰੀ ਨੰਬਰ ਅਤੇ ਕੰਜ਼ਿਊਮਰ ਕੇਅਰ ਨੰਬਰ

| ਸਰਵਿਸ ਏਰੀਆ | ਆਮ ਜਾਣਕਾਰੀ ਨੰਬਰ | ਕੰਜ਼ਿਊਮਰ ਕੇਅਰ ਨੰਬਰ (ਟੋਲ ਫ੍ਰੀ) |
|---|---|---|
| ਆਂਧਰਾ ਪ੍ਰਦੇਸ਼ | 121 | 198 |
| ਬਿਹਾਰ | 121 | 198 |
| ਦਿੱਲੀ | 121 | 198 |
| ਗੁਜਰਾਤ | 121 | 198 |
| ਹਰਿਆਣਾ | 121 | 198 |
| ਹਿਮਾਚਲ ਪ੍ਰਦੇਸ਼ | 121 | 198 |
| ਕਰਨਾਟਕ | 121 | 198 |
| ਕੇਰਲ | 121 | 198 |
| ਕੋਲਕਾਤਾ | 121 | 198 |
| ਮੱਧ ਪ੍ਰਦੇਸ਼ | 121 | 198 |
| ਮਹਾਰਾਸ਼ਟਰ | 121 | 198 |
| ਮੁੰਬਈ | 121 | 198 |
| ਉੜੀਸਾ | 121 | 198 |
| ਪੰਜਾਬ | 121 | 198 |
| ਰਾਜਸਥਾਨ | 121 | 198 |
| ਪੱਛਮੀ ਬੰਗਾਲ | 121 | 198 |
| ਤਮਿਲ ਨਾਡੂ (ਚੇੱਨਈ ਸਮੇਤ) | 121 | 198 |
| ਉੱਤਰ ਪ੍ਰਦੇਸ਼ ਪੂਰਬੀ | 121 | 198 |
| ਉੱਤਰ ਪ੍ਰਦੇਸ਼ ਪੱਛਮੀ | 121 | 198 |

ਉਪਰੋਕਤ ਨੰਬਰ ਰਿਟੇਲ GSM ਅਤੇ CDMA ਮੋਬਾਈਲ ਸਬਸਕ੍ਰਾਈਬਰਸ ਲਈ ਹਨ। ਹੋਰ ਸਰਵਿਸਿਜ਼ (ਐਂਟਰਪ੍ਰਾਈਜ਼ ਅਤੇ ਡਾਟਾ) ਦੇ ਟੋਲ ਫ੍ਰੀ ਕੰਜ਼ਿਊਮਰ ਕੇਅਰ ਨੰਬਰਾਂ ਦੇ ਵੇਰਵਿਆਂ ਲਈ, ਕਿਰਪਾ ਕਰਕੇ ਲੱਾਗ ਔਨ ਕਰੋ www.tatadocomo.com 'ਤੇ।

ਸ਼ਿਕਾਇਤਾਂ 121 'ਤੇ ਕੱਾਲ ਕਰਕੇ ਜਾਂ listen@tatadocomo.com 'ਤੇ ਈਮੇਲ ਕਰਕੇ ਦਰਜ ਕੀਤੀਆਂ ਜਾ ਸਕਦੀਆਂ ਹਨ। ਤੁਹਾਡੀ ਸ਼ਿਕਾਇਤ ਦਰਜ ਕੀਤੀ ਜਾਏਗੀ ਅਤੇ ਤੁਹਾਨੂੰ ਇੱਕ ਡੱਾਕੇਟ ਨੰਬਰ ਜਾਰੀ ਕੀਤਾ ਜਾਏਗਾ। ਜੇਕਰ ਤੁਹਾਡੀ ਸ਼ਿਕਾਇਤ ਦਾ ਨਿਪਟਾਰਾ ਨਹੀਂ ਹੁੰਦਾ ਹੈ ਜਾਂ ਤੁਸੀਂ ਮੁਹਈਆ ਕੀਤੇ ਗਏ ਸਮਾਧਾਨ ਤੋਂ ਸੰਤੁਸ਼ਟ ਨਹੀਂ ਹੋ ਤਾਂ, ਤੁਸੀਂ ਹੇਠ ਲਿੱਖੇ ਈਮੇਲ ਪਤਿਆਂ 'ਤੇ ਡੱਾਕੇਟ ਨੰਬਰ ਦੇ ਨਾਲ ਸਾਡੀ ਅਪੀਲੀ ਅਥੱਾਰਿਟੀ ਕੋਲ ਆਪਣੀ ਸ਼ਿਕਾਇਤ ਦਰਜ ਕਰਾ ਸਕਦੇ ਹੋ। ਦੂਰਸੰਚਾਰ ਖਪਤਕਾਰ ਸੁਰੱਖਿਆ ਕਾਨੂੰਨ ਅਤੇ ਦੂਰਸੰਚਾਰ ਖਪਤਕਾਰ ਸ਼ਿਕਾਇਤਾਂ ਦੇ ਹੱਲ ਬਾਰੇ ਕਾਨੂੰਨ 2012 ਦੀਆਂ ਧਾਰਾਵਾਂ ਅਨੁਸਾਰ, ਅਸੀਂ ਹਰੇਕ ਸਰਕਲ ਵਿੱਚ ਸਲਾਹਕਾਰ ਕਮੇਟੀਆਂ ਕਾਇਮ ਕੀਤੀਆਂ ਹਨ ਜਿਹਨਾਂ ਵਿੱਚ TRAI ਨਾਲ ਰਜਿਸਟਰਡ ਕੰਜ਼ਿਊਮਰ ਐਡਵੋਕੇਸੀ ਗਰੁੱਪ ਤੋਂ ਮੈਂਬਰ ਅਤੇ TTSL ਤੋਂ ਪ੍ਰਤੀਨਿਧ ਸ਼ਾਮਲ ਹਨ। ਅਪੀਲੀ ਅਥੱਾਰਿਟੀ ਕੋਲ ਦਰਜ ਸਾਰੀਆਂ ਸ਼ਿਕਾਇਤਾਂ ਪੂਰੀ ਪਾਰਦ–ਰਸ਼ਿਤਾ ਅਤੇ ਨਿਰਪੱਖ ਵਿਹਾਰ ਯਕੀਨੀ ਬਣਾਉਣ ਲਈ ਸਾਡੀ ਇਸ ਸਲਾਹਕਾਰ ਕਮੇਟੀ ਦੁਆਰਾ ਹੱਲ ਕੀਤੀਆਂ ਜਾਣਗੀਆਂ। ਸਲਾਹਕਾਰ ਕਮੇਟੀ ਤੋਂ ਬਾਅਦ, ਅੰਤਮ ਨਿਪਟਾਰੇ ਲਈ ਸ਼ਿਕਾਇਤ 'ਤੇ ਅਪੀਲੀ ਅਥੱਾਰਿਟੀ ਦੁਆਰਾ ਵਿਚਾਰ ਕੀਤਾ ਜਾਏਗਾ। ਅਪੀਲੀ ਅਥੱਾਰਿਟੀ ਨੂੰ ਭੇਜੀਆਂ ਗਈਆਂ ਸ਼ਿਕਾਇਤਾਂ ਸਾਡੇ ਸ਼ਿਕਾਇਤ ਕੇਂਦਰ 'ਤੇ ਰਜਿਸਟ੍ਰੇਸ਼ਨ ਦੀ ਤਰੀਕ ਤੋਂ ਬਾਅਦ ਵੱਧ ਤੋਂ ਵੱਧ 39 ਦਿਨਾਂ ਅੰਦਰ ਹੱਲ ਕੀਤੀਆਂ ਜਾਣਗੀਆਂ।



TATA

## 12. ਅਪੀਲੀ ਅਥੱਾਰਿਟੀ ਦੇ ਵੇਰਵੇ

| ਸੀ. ਨੰ. | ਸੇਵਾ ਖੇਤਰ | ਕੱਾਲ ਸੈਂਟਰ ਸੰਪਰਕ ਨੰਬਰ TTSL ਅਤੇ TTML ਸਬਸਕ੍ਰਾਈਬਰਸ ਲਈ | ਅਪੀਲੀ ਅਧਿਕਾਰੀਆਂ ਦੇ ਨਾਮ, ਪਤਾ ਅਤੇ ਸੰਪਰਕ ਵੇਰਵਾ |
|---|---|---|---|
| 1 | ਆਂਧਰਾ ਪ੍ਰਦੇਸ਼ | ਮੋਬਾਈਲ ਅਤੇ ਵੱਾਕੀ:<br>**121/1860 266 5555**<br>ਫ਼ੋਟੋਨ:<br>**1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਗਿਆਨ ਪੀਠ, ਹਾਰਡਵੇਅਰ ਪਾਰਕ,<br>ਪਲੱਾਟ ਨੰ 1 ਤੋਂ 5, (ਸਰਵੇ ਨੰ : 1/1),<br>ਇਮਾਰਾਥ ਕਾਂਚਾ, ਰਵਿਰਿਆਲ ਵਿਲੇਜ,<br>ਮਹੇਸ਼ਵਰਮ ਮੰਡਲਮ, ਰੰਗਾ ਰੈਡੀ<br>ਜ਼ਿਲਾ, ਹੈਦਰਾਬਾਦ, ਤਿੰਲਗਾਨਾ - 500005<br>ਫੈਕਸ: **08414663339**<br>ਈਮੇਲ: **appellate.ap@tatadocomo.com** |
| 2 | ਬਿਹਾਰ ਅਤੇ ਝਾਰਖੰਡ | ਮੋਬਾਈਲ ਅਤੇ ਵੱਾਕੀ:<br>**121/1860 266 5555**<br>ਫ਼ੋਟੋਨ:<br>**1800 266 121** | ਟਾਟਾ ਟੈਲਿਸਰਵਿਸਿਜ਼, 4ਥੀ ਮੰਜ਼ਿਲ,<br>ਵੋਲਟਾਸ ਹਾਉਸ, ਜਿੰਜਰ ਹੋਟਲ ਸਾਹਮਣੇ,<br>ਮੇਨ ਰੋਡ, ਬਿਸਟੂਪੁਰ, ਜਮਸ਼ੇਦਪੁਰ,<br>ਝਾਰਖੰਡ - 831001<br>ਫੈਕਸ: **033-66665000**<br>ਈਮੇਲ: **appellate.bh@tatadocomo.com** |
| 3 | ਦਿੱਲੀ | ਮੋਬਾਈਲ ਅਤੇ ਵੱਾਕੀ:<br>**121/1860 266 5555**<br>ਫ਼ੋਟੋਨ:<br>**1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>2 ਏ, ਓਲਡ ਈਸ਼ਵਰ ਲਗਰ, ਮੇਨ ਮਥੁਰਾ<br>ਰੋਡ, ਨਵੀਂ ਦਿੱਲੀ - 110065<br>ਫੈਕਸ: **011-66552020** ਈਮੇਲ:<br>**appellateauthority.delhi@tatatel.co.in** |
| 4 | ਗੁਜਰਾਤ | ਮੋਬਾਈਲ ਅਤੇ ਵੱਾਕੀ:<br>**121/1860 266 5555**<br>ਫ਼ੋਟੋਨ:<br>**1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਵੈਸਟਗੇਟ – ਤੀਜੀ ਅਤੇ ਚੌਥੀ ਮੰਜ਼ਿਲ, ਨਜ਼ਦੀਕ<br>ਵਾਈਐਮਸੀਏ ਕਲੱਬ, ਐਸ ਜੀ ਹਾਈਵੇਅ,<br>ਅਹਿਮਦਾਬਾਦ - 380015<br>ਫੈਕਸ: **09033002273**<br>ਈਮੇਲ: **appellate.gj@tatadocomo.com** |
| 5 | ਹਰਿਆਣਾ | ਮੋਬਾਈਲ ਅਤੇ ਵੱਾਕੀ:<br>**121/1860 266 5555**<br>ਫ਼ੋਟੋਨ:<br>**1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਸੀ–125, ਫੇਜ਼–8,<br>ਇੰਡਸਟ੍ਰੀਅਲ ਫੋਕਲ ਪੁਆਇੰਟ,<br>ਮੋਹਾਲੀ - 160071<br>ਫੈਕਸ: **0172-6651710**<br>ਈਮੇਲ: **appellate.har@tatadocomo.com** |

**12.** ਅਪੀਲੀ ਅਥੌਰਿਟੀ ਦੇ ਵੇਰਵੇ

| ਸੀ. ਨੰ. | ਸੇਵਾ ਖੇਤਰ | ਕੱਲ ਸੈਂਟਰ ਸੰਪਰਕ ਨੰਬਰ TTSL ਅਤੇ TTML ਸਬਸਕ੍ਰਾਈਬਰਸ ਲਈ | ਅਪੀਲੀ ਅਧਿਕਾਰੀਆਂ ਦੇ ਨਾਮ, ਪਤਾ ਅਤੇ ਸੰਪਰਕ ਵੇਰਵਾ |
|---|---|---|---|
| 6 | ਹਿਮਾਚਲ ਪ੍ਰਦੇਸ਼ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ,<br>ਸੀ–125, ਫੇਜ਼–8,<br>ਇੰਡਸਟ੍ਰੀਅਲ ਫੋਕਲ ਪੁਆਇੰਟ,<br>ਮੋਹਾਲੀ - 160071<br>ਫੈਕਸ: **0172-6651710**<br>ਈਮੇਲ: **appellate.hp@tatadocomo.com** |
| 7 | ਕਰਨਾਟਕ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਏ ਬਲੱਾਕ, ਦੂਜੀ ਮੰਜ਼ਿਲ,<br>ਸਿਲੀਕੱਾਨ ਟੈਰੇਸ, ਨੰ 30/1, ਕੋਰਾਮੰਗਲਾ,<br>ਹੋਸੁਰ ਮੇਨ ਰੋਡ, ਬੈਂਗਲੋਰ - 560095<br>ਫੈਕਸ: **080 66681000**<br>ਈਮੇਲ: **appellate.kk@tatadocomo.com** |
| 8 | ਕੇਰਲ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਪੰਜਵੀ ਮੰਜ਼ਿਲ, ਐਸਐਲ ਪਲਾਜ਼ਾ,<br>ਪਲਾਰੀਵਾਟੋਮ,<br>ਕੋਚੀ - 682025<br>ਫੈਕਸ: **0484-6660666**<br>ਈਮੇਲ: **appellate.kerala@tatadocomo.com** |
| 9 | ਕੋਲਕਾਤਾ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਪੀ ਐਸ ਸ੍ਰਿਜਨ ਟੈਕ ਪਾਰਕ, ਡੀਐਨ–52,<br>ਸੈਕਟਰ–5, 15 ਵੀਂ ਮੰਜ਼ਿਲ, ਸਾਲਟ ਲੇਕ,<br>ਕੋਲਕਾਤਾ – 700091<br>ਫੈਕਸ: **033-66665000**<br>ਈਮੇਲ: **appellate.kol@tatadocomo.com** |
| 10 | ਮੱਧ ਪ੍ਰਦੇਸ਼ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਪਲੱਾਟ ਨੰ 1,2,3 ਕਵਾਲਿਟੀ ਗਲੋਬਸ, ਪਰਮਾਲੀ<br>ਵੱਾਲੇਸ ਕੰਪਾਉਂਡ, ਸਾਹਮਣੇ ਆਰ ਬੀ ਆਈ,<br>ਹੋਸ਼ੰਗਾਬਾਦ ਰੋਡ, ਭੋਪਾਲ – 462011<br>ਫੈਕਸ: **0755-6660444**<br>ਈਮੇਲ: **appellate.mp@tatatel.co.in** |
| 11 | ਮਹਾਰਾਸ਼ਟਰ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ (ਮਹਾਰਾਸ਼ਟਰ) ਲਿਮਿਟਿਡ,<br>ਅਲ–ਅਕਮਾਰ ਬਿਲਡਿੰਗ,<br>5-ਗਣੇਸ਼ਖਿੰਦ ਰੋਡ, ਸ਼ਿਵਾਜੀਨਗਰ,<br>ਪੁਣੇ – 411005<br>ਫੈਕਸ: **020-66005550**<br>ਈਮੇਲ: **appellate.rom@tatadocomo.com** |



| ਸੀ. ਨੰ. | ਸੇਵਾ ਖੇਤਰ | ਕੱਲ ਸੈਂਟਰ ਸੰਪਰਕ ਨੰਬਰ TTSL ਅਤੇ TTML ਸਬਸਕ੍ਰਾਈਬਰਸ ਲਈ | ਅਪੀਲੀ ਅਧਿਕਾਰੀਆਂ ਦੇ ਨਾਮ, ਪਤਾ ਅਤੇ ਸੰਪਰਕ ਵੇਰਵਾ |
|---|---|---|---|
| 12 | ਮੁੰਬਈ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ (ਮਹਾਰਾਸ਼ਟਰ) ਲਿਮਿਟਿਡ<br>ਡੀ–26, ਟੀਟੀਸੀ ਇੰਡਸਟ੍ਰੀਅਲ ਏਰੀਆ,<br>ਐਮਆਈਡੀਸੀ ਸੰਪਾੜਾ, ਥਾਣੇ ਬੇਲਾਪੁਰ ਰੋਡ,<br>ਪੀ ਓ ਤੁਰਭੇ, ਨਵੀ ਮੁੰਬਈ - 400703<br>ਫੈਕਸ: **022-61655020**<br>ਈਮੇਲ: appellate.mum@tatadocomo.com |
| 13 | ਉੜੀਸਾ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਫੱਾਰਚਯੂਨ ਟੱਾਵਰਸ, ਤੀਜੀ ਮੰਜ਼ਿਲ, ਮੱਾਡਯੂਲ ਬੀ<br>ਐਂਡ ਸੀ, ਚੰਰਾਸ–ਖਾਰਪੁਰ, ਭੁਬਨੇਸਵਰ–751023<br>ਫੈਕਸ: **033-66665000**<br>ਈਮੇਲ: **appellate.orissa@tatadocomo.com** |
| 14 | ਪੰਜਾਬ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਸੀ–125, ਫੇਜ਼–8, ਇੰਡਸਟ੍ਰੀਅਲ ਫੋਕਲ ਪੁਆਇੰਟ<br>ਮੋਹਾਲੀ - 160071<br>ਫੈਕਸ: **0172-6651710**<br>**ईमेल: appellate.pun@tatadocomo.com** |
| 15 | ਰਾਜਸਥਾਨ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਗੁਮਾਨ 1, ਨਜ਼ਦੀਕ ਆਮ੍ਰਪਾਲੀ ਸਰਕਲ,<br>ਵੈਸ਼ਾਲੀ ਨਗਰ, ਜੈਪੁਰ - 302021<br>ਫੈਕਸ: **0141-6641100**<br>ਈਮੇਲ: **appellate.raj@tatadocomo.com** |
| 16 | ਪੱਛਮੀ ਬੰਗਾਲ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਪੀ ਐਸ ਸ੍ਰਿਜਨ ਟੈਕ ਪਾਰਕ, ਡੀਐਨ–52,<br>ਸੈਕਟਰ–5, 15 ਵੀਂ ਮੰਜ਼ਿਲ, ਸਾਲਟ ਲੇਕ,<br>ਕੋਲਕਾਤਾ - 700091, ਫੈਕਸ: **033-66665000**<br>ਈਮੇਲ: **appellate.wb@tatadocomo.com** |
| 17 | ਤਮਿਲ ਨਾਡੂ (ਚੇ ੱਨਈ ਸਮੇਤ) | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਨੰ 283 ਅਤੇ 284, 6ਵੀਂ ਅਤੇ 13ਵੀਂ ਮੰਜ਼ਿਲ,<br>ਪ੍ਰਿੰਸ ਇਨਫੋ ਸਿਟੀ–II, ਰਾਜੀਵ ਗਾਂਧੀ ਸਲਾਈ,<br>ਕੰਧਨਚਾਵਾੜੀ, ਚੇ ੱਨਈ - 600096<br>ਫੈਕਸ: **044-61655020**<br>ਈਮੇਲ: **appellate.tn@tatadocomo.com** |
| 18 | ਉੱਤਰ ਪ੍ਰਦੇਸ਼ ਪੂਰਬੀ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>ਪ੍ਰੇਮ ਪਲਾਜ਼ਾ, 2, ਆਰਐਫ ਬਹਾਦੁਰਜੀ ਮਾਰਗ<br>ਸ਼ਕਤੀ ਭਵਨ ਦੇ ਪਿੱਛੇ,<br>ਲਖਨਊ - 226001<br>ਫੈਕਸ: **0522-6699066**<br>ਈਮੇਲ: **appellate.upe@tatadocomo.com** |
| 19 | ਉੱਤਰ ਪ੍ਰਦੇਸ਼ ਪੱਛਮੀ | ਮੋਬਾਈਲ ਅਤੇ ਵਾੱਕੀ: **121/1860 266 5555**<br>ਫ਼ੋਟੋਨ: **1800 266 121** | ਟਾਟਾ ਟੈਲਿਸਰਵਿਸਿਜ਼ ਲਿਮਿਟਿਡ<br>501, ਮੰਗਲ ਪਾਂਡੇ ਨਗਰ,<br>ਮੇਨ ਯੂਨਿਵਰਸਿਟੀ ਰੋਡ,<br>ਮੇਰਠ - 250001<br>ਫੈਕਸ: **0121-6605502**<br>ਈਮੇਲ: **appellate.upw@tatadocomo.com** |